


ਸੱਚੀ ਅਤੇ ਨਿਰਪੱਖ ਵਿਚਾਰਧਾਰਾ

# CEE7NEWS

Daily Digital Edition




Reg No: AAG1353 | Ludhiana, Monday 30 March, 2026 | website: www.cee7news.com

## ਪੰਜਾਬ ਬਚਾਓ ਰੈਲੀ' ਨੇ ਹਲਾਈ ਸਿਆਸਤ; ਵਿਰੋਧੀਆਂ 'ਚ ਵਧੀ ਬੇਚੈਨੀ



ਪਠਾਨਕੋਟ ਵਿੱਚ ਸੁਖਬੀਰ ਸਿੰਘ ਬਾਦਲ ਦੀ 'ਪੰਜਾਬ ਬਚਾਓ ਰੈਲੀ' ਨੇ ਸਿਆਸੀ ਹਲਚਲ ਪੈਦਾ ਕਰ ਦਿੱਤੀ ਹੈ। ਇਸ ਰੈਲੀ ਦੌਰਾਨ ਕਾਂਗਰਸ ਦੇ ਸੀਨੀਅਰ ਆਗੂ ਅਵਤਾਰ ਸਿੰਘ ਕਲੇਰ ਸਮੇਤ ਕਈ ਹੋਰ ਆਗੂਆਂ ਨੇ ਅਕਾਲੀ ਦਲ ਵਿੱਚ ਸ਼ਾਮਲ ਹੋਣ ਦਾ ਐਲਾਨ ਕੀਤਾ। ਇਸ ਘਟਨਾ ਨੇ ਪੰਜਾਬੀ ਸਿਆਸਤ ਵਿੱਚ ਨਵੀਂ ਚਰਚਾ ਛੇੜ ਦਿੱਤੀ ਹੈ। ਰੈਲੀ ਐਤਵਾਰ 29 ਮਾਰਚ 2026 ਨੂੰ ਪਠਾਨਕੋਟ ਵਿਖੇ ਹੋਈ। ਇਸ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ ਸੁਰਿੰਦਰ ਸਿੰਘ ਮਿੰਟੂ ਅਤੇ ਪਠਾਨਕੋਟ ਆਬਜ਼ਰਵਰ ਗੁਰਬਚਨ ਸਿੰਘ ਬੱਬੇਹਾਲੀ ਵੱਲੋਂ ਸਫਲ ਬਣਾਇਆ ਗਿਆ। ਵੱਡੀ ਗਿਣਤੀ ਵਿੱਚ ਲੋਕ ਇਸ ਰੈਲੀ ਵਿੱਚ ਇਕੱਠੇ ਹੋਏ ਅਤੇ ਉਤਸਾਹ ਨਾਲ ਭਰੇ ਨਜ਼ਰ ਆਏ।ਸੁਖਬੀਰ ਸਿੰਘ ਬਾਦਲ ਨੇ ਰੈਲੀ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਦੇ ਲੋਕ ਮੌਜੂਦਾ ਹਾਲਾਤਾਂ ਤੋਂ ਬਹੁਤ ਨਾਰਾਜ਼ ਹਨ। ਉਨ੍ਹਾਂ ਨੂੰ ਬਦਲਾਅ ਚਾਹੀਦਾ ਹੈ। ਇਸ ਲਈ ਵੱਡੀ ਗਿਣਤੀ ਵਿੱਚ ਲੋਕ ਅਕਾਲੀ ਦਲ ਨਾਲ ਜੁੜ ਰਹੇ ਹਨ। ਬਾਦਲ ਸਾਹਿਬ ਨੇ ਰੈਲੀ ਵਿੱਚ ਸ਼ਾਮਲ ਹੋਣ ਵਾਲੇ ਸਾਰੇ ਨੇਤਾਵਾਂ ਅਤੇ ਵਰਕਰਾਂ ਦਾ ਦਿਲੋਂ ਸਵਾਗਤ ਕੀਤਾ। ਉਨ੍ਹਾਂ ਕਿਹਾ, "ਪਾਰਟੀ ਵਿੱਚ ਸ਼ਾਮਲ ਹੋਣ ਵਾਲੇ ਸਾਰੇ ਨੇਤਾਵਾਂ ਤੇ ਵਰਕਰਾਂ ਦਾ ਦਿਲੋਂ ਸਵਾਗਤ ਕੀਤਾ ਜਾਂਦਾ ਹੈ।" ਉਨ੍ਹਾਂ ਇਹ ਵੀ ਦੱਸਿਆ ਕਿ ਸਿਰਫ ਕਾਂਗਰਸ ਤੋਂ ਹੀ ਨਹੀਂ, ਭਾਜਪਾ ਅਤੇ ਆਮ ਆਦਮੀ ਪਾਰਟੀ ਤੋਂ ਵੀ ਆਗੂ ਅਤੇ ਵਰਕਰ ਅਕਾਲੀ ਦਲ ਵਿੱਚ ਆ ਰਹੇ ਹਨ। ਇਹ ਅਕਾਲੀ ਦਲ ਦੀ ਵਧਦੀ ਤਾਕਤ ਦਾ ਸਬੂਤ ਹੈ।

## ਅਮਰੀਕਾ-ਈਰਾਨ ਜੰਗ ਕਾਰਨ ਅਮਰੀਕਾ ਵਿਚ ਪੈਟਰੋਲ 30 ਫੀਸਦੀ ਮਹਿੰਗਾ



ਅਮਰੀਕਾ-ਈਰਾਨ ਜੰਗ ਕਾਰਨ ਅਮਰੀਕਾ ਵਿਚ ਪੈਟਰੋਲ 30 ਫੀਸਦੀ ਮਹਿੰਗਾ ਹੋ ਗਿਆ ਹੈ। ਇਸ ਨਾਲ ਡੋਨਾਲਡ ਟਰੰਪ ਲਈ ਵੱਡੀ ਰਾਜਨੀਤਿਕ ਬਿਪਤਾ ਖੜ੍ਹੀ ਹੋ ਗਈ ਹੈ। ਇਸ ਤੋਂ ਪਹਿਲਾਂ ਅਮਰੀਕਾ ਵਿਚ ਔਸਤ ਪੈਟਰੋਲ ਦੀ ਕੀਮਤ ਲਗਭਗ 3 ਡਾਲਰ ਪ੍ਰਤੀ ਗੈਲਨ ਸੀ, ਜੋ ਹੁਣ 4 ਡਾਲਰ ਤੱਕ ਪਹੁੰਚ ਗਈ ਹੈ। ਇਸ ਵਾਧੇ ਨੂੰ ਭਾਰਤੀ ਰੁਪਏ ਵਿਚ ਵੇਖੀਏ ਤਾਂ ਇੱਕ ਗੈਲਨ ਵਿਚ ਲਗਭਗ 90 ਰੁਪਏ ਦਾ ਵਾਧਾ ਹੋਇਆ ਹੈ। ਇੱਕ ਲੀਟਰ ਵਿਚ ਇਹ ਲਗਭਗ 25 ਰੁਪਏ ਪ੍ਰਤੀ ਲੀਟਰ ਵਧਿਆ ਹੈ। ਇਸ ਤਰ੍ਹਾਂ ਕੀਮਤਾਂ ਵਿਚ 30 ਫੀਸਦੀ ਤੋਂ ਵੀ ਵੱਧ ਵਾਧਾ ਹੋਇਆ ਹੈ। ਡੀਜ਼ਲ ਦੀਆਂ ਕੀਮਤਾਂ ਇਸ ਤੋਂ ਵੀ ਤੇਜ਼ੀ ਨਾਲ ਵਧੀਆਂ ਹਨ।ਪੱਛਮੀ ਏਸ਼ੀਆ ਵਿਚ ਚੱਲ ਰਹੀ ਇਸ ਟਕਰਾਅ ਨੇ ਹਾਰਮੁਜ਼ ਦੀ ਖਾੜੀ ਨੂੰ ਲਗਭਗ ਬੰਦ ਕਰ ਦਿੱਤਾ ਹੈ। ਇਸ ਖਾੜੀ ਰਾਹੀਂ ਦੁਨੀਆਂ ਦਾ 20 ਫੀਸਦੀ ਤੇਲ ਸਪਲਾਈ ਹੁੰਦਾ ਹੈ। ਇਸ ਕਾਰਨ ਅੰਤਰਰਾਸ਼ਟਰੀ ਤੇਲ ਦੀਆਂ ਕੀਮਤਾਂ 50 ਫੀਸਦੀ ਵਧ ਗਈਆਂ ਹਨ। ਇੱਕ ਬੈਰਲ ਤੇਲ ਦੀ ਕੀਮਤ 70 ਡਾਲਰ ਤੋਂ ਵਧ ਕੇ 100 ਤੋਂ 110 ਡਾਲਰ ਤੱਕ ਪਹੁੰਚ ਗਈ ਹੈ। ਨਿਊਯਾਰਕ ਟਾਈਮਜ਼ ਅਤੇ ਬੀਬੀਸੀ ਦੀਆਂ ਰਿਪੋਰਟਾਂ ਮੁਤਾਬਕ ਇਸ ਵਾਧੇ ਨੇ ਅਮਰੀਕੀ ਲੋਕਾਂ ਉਤੇ ਮਹਿੰਗਾਈ ਦਾ ਭਾਰੀ ਬੋਝ ਪਾਇਆ ਹੈ। ਮੱਧ ਵਰਗ ਦੀ ਕਮਰ ਟੁੱਟਣ ਵਾਲੀ ਸਥਿਤੀ ਬਣ ਗਈ ਹੈ।

## ਅੰਮ੍ਰਿਤਸਰ ਅਦਾਲਤ ਵੱਲੋਂ ਮੰਤਰੀ ਲਾਲਜੀਤ ਭੁੱਲਰ ਦਾ ਰਿਮਾਂਡ 3 ਦਿਨ ਵਧਾਇਆ



ਪੰਜਾਬ ਰਾਜ ਗੁਦਾਮ ਨਿਗਮ ਦੇ ਅਧਿਕਾਰੀ ਗਗਨਦੀਪ ਸਿੰਘ ਰੰਧਾਵਾ ਦੀ ਖੁਦਕੁਸ਼ੀ ਦੇ ਮਾਮਲੇ ਵਿਚ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਦਾ ਰਿਮਾਂਡ ਅੱਜ ਅੰਮ੍ਰਿਤਸਰ ਦੀ ਅਦਾਲਤ ਵੱਲੋਂ ਤਿੰਨ ਦਿਨ ਹੋਰ ਵਧਾ ਦਿੱਤਾ ਗਿਆ ਹੈ। ਇਸ ਤੋਂ ਪਹਿਲਾਂ ਉਨ੍ਹਾਂ ਨੂੰ ਪੰਜ ਦਿਨ ਦਾ ਰਿਮਾਂਡ ਮਿਲਿਆ ਸੀ।

ਪੁਲਿਸ ਨੇ ਲਾਲਜੀਤ ਭੁੱਲਰ ਨੂੰ ਅੰਮ੍ਰਿਤਸਰ ਦੀ ਅਦਾਲਤ ਵਿਚ ਪੇਸ਼ ਕੀਤਾ। ਅਦਾਲਤ ਨੇ ਉਨ੍ਹਾਂ ਦੀ ਪੁਲਿਸ ਰਿਮਾਂਡ ਵਧਾਉਣ ਦਾ ਫੈਸਲਾ ਲਿਆ। ਇਸ ਮਾਮਲੇ ਵਿਚ ਲਾਲਜੀਤ ਭੁੱਲਰ ਨੂੰ ਮੰਡੀ ਗੋਬਿੰਦਗੜ੍ਹ ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ। ਉਹ ਪੰਜਾਬ ਵੇਅਰ ਹਾਊਸਿੰਗ ਕਾਰਪੋਰੇਸ਼ਨ ਵਿਚ ਅੰਮ੍ਰਿਤਸਰ ਵਿਖੇ ਤਾਇਨਾਤ ਡਿਸਟ੍ਰਿਕਟ ਮੈਨੇਜਰ ਗਗਨਦੀਪ ਸਿੰਘ ਰੰਧਾਵਾ ਦੀ ਆਤਮਹੱਤਿਆ ਨਾਲ ਜੁੜੇ ਹਨ। ਰੰਧਾਵਾ ਨੇ ਆਪਣੀ ਖੁਦਕੁਸ਼ੀ ਤੋਂ ਪਹਿਲਾਂ ਲਾਲਜੀਤ ਭੁੱਲਰ ਵੱਲੋਂ ਹੈਰਾਸਮੈਂਟ ਦਾ ਇਲਜ਼ਾਮ ਲਗਾਇਆ ਸੀ।

ਪੁਲਿਸ ਨੇ ਇਸ ਮਾਮਲੇ ਵਿਚ ਭੁੱਲਰ ਤੋਂ ਇਲਾਵਾ ਉਨ੍ਹਾਂ ਦੇ ਪਿਤਾ ਸੁਖਦੇਵ ਸਿੰਘ ਭੁੱਲਰ ਅਤੇ ਨਿੱਜੀ ਸਹਾਇਕ ਦਿਲਬਾਗ ਸਿੰਘ ਖਿਲਾਫ ਵੀ ਭਾਰਤੀ ਨਿਆਇਕ ਸੰਗੀਤਾ (ਬੀਐਨਐਸ) ਦੀਆਂ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਹੈ। ਧਾਰਾਵਾਂ ਵਿਚ ਆਤਮਹੱਤਿਆ ਲਈ ਉਕਸਾਉਣਾ, ਅਪਰਾਧਿਕ ਧਮਕੀ ਅਤੇ ਆਮ ਇਰਾਦਾ ਸ਼ਾਮਲ ਹਨ। ਰੰਧਾਵਾ ਦੇ ਪਰਿਵਾਰ ਵਾਲਿਆਂ ਨੇ ਉਸ ਦੀ ਅੰਤਿਮ ਰਸਮ ਤਦ ਤੱਕ ਰੋਕੀ ਰੱਖੀ ਸੀ ਜਦੋਂ ਤੱਕ ਭੁੱਲਰ ਨੂੰ ਗ੍ਰਿਫ਼ਤਾਰ ਨਹੀਂ ਕੀਤਾ ਗਿਆ।

ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਦਾ ਰਿਮਾਂਡ ਅੱਜ ਅੰਮ੍ਰਿਤਸਰ ਦੀ ਅਦਾਲਤ ਵੱਲੋਂ ਤਿੰਨ ਦਿਨ ਹੋਰ ਵਧਾ ਦਿੱਤਾ ਗਿਆ ਹੈ। ਇਸ ਤੋਂ ਪਹਿਲਾਂ ਉਨ੍ਹਾਂ ਨੂੰ ਪੰਜ ਦਿਨ ਦਾ ਰਿਮਾਂਡ ਮਿਲਿਆ ਸੀ।

Cee7 NEWS **ਅਮਰੀਕੀ ਸਿਆਸਤ 'ਚ ਨਵਾਂ ਉਬਾਲ; ਇੱਕ ਵਾਰ ਫਿਰ ਚਰਚਾ 'ਚ ਅਮਰੀਕਾ**

## ਡੋਨਾਲਡ ਟਰੰਪ ਦੀ ਕੁਰਸੀ ਖ਼ਤਰੇ 'ਚ? ਵਿਰੋਧੀ ਧਿਰਾਂ ਨੇ ਖੋਲ੍ਹਿਆ ਮੋਰਚਾ

ਅਮਰੀਕਾ ਦੀ ਰਾਜਨੀਤੀ ਵਿਚ ਇੱਕ ਵਾਰ ਫਿਰ ਤੋਂ ਹਲਚਲ ਮਚੀ ਹੋਈ ਹੈ। ਰਾਸ਼ਟਰਪਤੀ ਡੋਨਾਲਡ ਟਰੰਪ ਵਿਰੋਧੀ ਧਿਰਾਂ ਵੱਲੋਂ ਉਨ੍ਹਾਂ ਨੂੰ ਰਾਸ਼ਟਰਪਤੀ ਦੇ ਅਹੁਦੇ ਤੋਂ ਹਟਾਉਣ ਦੀਆਂ ਤੇਜ਼ ਮੰਗਾਂ ਉਠ ਰਹੀਆਂ ਹਨ। ਇਹ ਮੰਗਾਂ ਮੁੱਖ ਤੌਰ ਤੇ ਡੈਮੋਕ੍ਰੇਟਿਕ ਪਾਰਟੀ ਦੇ ਆਗੂਆਂ, ਕੁਝ ਰਿਪਬਲਿਕਨ ਵਿਧਾਇਕਾਂ ਅਤੇ ਵੱਡੀ ਗਿਣਤੀ ਵਿਚ ਆਮ ਨਾਗਰਿਕਾਂ ਵੱਲੋਂ ਕੀਤੀਆਂ ਜਾ ਰਹੀਆਂ ਹਨ। ਖਾਸ ਤੌਰ ਤੇ ਇਹ ਚਰਚਾ 25ਵੀਂ ਸੋਧ ਅਤੇ ਇੰਪੀਚਮੈਂਟ ਵਰਗੀਆਂ ਪ੍ਰਕਿਰਿਆਵਾਂ ਰਾਹੀਂ ਟਰੰਪ ਨੂੰ ਹਟਾਉਣ ਬਾਰੇ ਹੈ।

ਇਸ ਮੁੱਦੇ ਦੀ ਸ਼ੁਰੂਆਤ ਟਰੰਪ ਦੀਆਂ ਕਈ ਨੀਤੀਆਂ ਅਤੇ ਫੈਸਲਿਆਂ ਤੋਂ ਹੋਈ ਹੈ ਜਿਨ੍ਹਾਂ ਨੂੰ ਉਨ੍ਹਾਂ ਦੇ ਵਿਰੋਧੀ ਗੈਰ-ਕਾਨੂੰਨੀ ਅਤੇ ਲੋਕਤੰਤਰ ਵਿਰੋਧੀ ਦੱਸ ਰਹੇ ਹਨ। ਖਾਸ ਕਰਕੇ 2026 ਦੀਆਂ ਮਿਡਟਰਮ ਚੋਣਾਂ ਤੋਂ ਪਹਿਲਾਂ ਟਰੰਪ ਵੱਲੋਂ ਚੋਣ ਪ੍ਰਕਿਰਿਆ ਵਿਚ ਦਖਲਅੰਦਾਜ਼ੀ ਦੀਆਂ ਚਰਚਾਵਾਂ ਨੇ ਵਿਵਾਦ ਖੜ੍ਹਾ ਕਰ ਦਿੱਤਾ ਹੈ। ਡੈਮੋਕ੍ਰੇਟਸ ਇਹ ਦਾਅਵਾ ਕਰ ਰਹੇ ਹਨ ਕਿ ਟਰੰਪ ਚੋਣਾਂ ਨੂੰ ਪ੍ਰਭਾਵਿਤ ਕਰਨ ਲਈ ਵੋਟਰ ਇੰਟੀਮੀਡੇਸ਼ਨ, ਬੈਲਟ ਸੀਜ਼ਰ ਵਰਗੀਆਂ ਰਣਨੀਤੀਆਂ ਅਪਣਾ ਰਹੇ ਹਨ। ਇਸ ਤੋਂ ਇਲਾਵਾ ਟਰੰਪ ਦੀਆਂ ਵਿਦੇਸ਼ ਨੀਤੀਆਂ, ਆਰਥਿਕ ਫੈਸਲੇ ਅਤੇ ਅੰਦਰੂਨੀ ਮਾਮਲਿਆਂ ਵਿਚ ਉਨ੍ਹਾਂ ਦਾ ਵਿਵਹਾਰ ਵੀ ਵਿਵਾਦਾਸਪਦ ਬਣਿਆ ਹੋਇਆ ਹੈ।

ਕਾਂਗਰਸ ਵਿਚ ਡੈਮੋਕ੍ਰੇਟਿਕ ਆਗੂਆਂ ਨੇ ਹਾਊਸ ਆਫ ਰਿਪ੍ਰਜ਼ੈਂਟੇਟਿਵਜ਼ ਵਿਚ ਇੱਕ ਰੈਜ਼ੋਲੂਸ਼ਨ ਪਾਸ ਕਰਵਾਉਣ ਦੀ ਕੋਸ਼ਿਸ਼ ਕੀਤੀ ਹੈ ਜਿਸ ਵਿਚ ਟਰੰਪ ਉੱਤੇ ਹਾਈ ਕ੍ਰਾਈਮਜ਼ ਐਂਡ ਮਿਸਡੀਮੀਨਰਜ਼ ਦਾ ਇਲਜ਼ਾਮ ਲਗਾਇਆ ਗਿਆ ਹੈ। ਇਸ ਰੈਜ਼ੋਲੂਸ਼ਨ ਵਿਚ ਟਰੰਪ ਵੱਲੋਂ ਰਾਸ਼ਟਰੀ ਸੁਰੱਖਿਆ ਨੂੰ ਖਤਰੇ ਵਿਚ ਪਾਉਣ ਅਤੇ ਚੋਣਾਂ ਵਿਚ ਦਖਲਅੰਦਾਜ਼ੀ ਵਰਗੀਆਂ ਗੱਲਾਂ ਦਾ ਜ਼ਿਕਰ ਹੈ। ਹਾਲਾਂਕਿ ਰਿਪਬਲਿਕਨ ਬਹੁਮਤ ਕਾਰਨ ਇਹ ਰੈਜ਼ੋਲੂਸ਼ਨ ਆਸਾਨੀ ਨਾਲ ਪਾਸ ਹੋਣਾ ਮੁਸ਼ਕਲ ਲੱਗ ਰਿਹਾ ਹੈ, ਫਿਰ ਵੀ ਇਸ ਨੇ ਰਾਜਨੀਤਿਕ ਗਰਮੀ ਵਧਾ ਦਿੱਤੀ ਹੈ।

ਇੱਕ ਹੋਰ ਰਾਹ 25ਵੀਂ ਸੋਧ ਹੈ ਜਿਸ ਰਾਹੀਂ ਉਪ ਰਾਸ਼ਟਰਪਤੀ ਜੇਡੀ ਵਾਂਸ ਅਤੇ ਕੈਬਨਿਟ ਮੈਂਬਰ ਟਰੰਪ ਨੂੰ ਅਯੋਗ ਘੋਸ਼ਿਤ ਕਰਕੇ ਹਟਾ ਸਕਦੇ ਹਨ। ਕਈ ਡੈਮੋਕ੍ਰੇਟਿਕ ਆਗੂਆਂ ਨੇ ਵਾਂਸ ਤੋਂ ਇਸ ਸੋਧ ਨੂੰ ਲਾਗੂ ਕਰਨ ਦੀ ਅਪੀਲ ਕੀਤੀ ਹੈ। ਉਨ੍ਹਾਂ ਅਨੁਸਾਰ ਟਰੰਪ ਦੇ ਫੈਸਲੇ ਰਾਸ਼ਟਰ ਲਈ ਖਤਰਨਾਕ ਹੋ ਗਏ ਹਨ ਅਤੇ ਉਨ੍ਹਾਂ ਦੀ ਮਾਨਸਿਕ ਸਥਿਤੀ ਵੀ ਸਵਾਲਾਂ ਘੇਰੇ ਵਿਚ ਹੈ। ਪਰ ਵਾਂਸ ਟਰੰਪ ਦੇ ਵਫ਼ਾਦਾਰ ਸਾਥੀ ਹਨ ਇਸ ਲਈ ਇਸ ਰਾਹ ਤੋਂ ਹਟਾਉਣਾ ਵੀ ਔਖਾ ਲੱਗ ਰਿਹਾ ਹੈ।ਅਮਰੀਕਾ ਭਰ ਵਿਚ ਵੱਡੀ ਗਿਣਤੀ ਵਿਚ ਲੋਕ ਇਸ ਮੁੱਦੇ ਤੇ ਸੜਕਾਂ ਤੇ ਉਤਰ ਆਏ ਹਨ। ਵਾਸ਼ਿੰਗਟਨ ਡੀਸੀ, ਨਿਊਯਾਰਕ, ਲਾਸ ਏਂਜਲਸ ਵਰਗੀਆਂ ਵੱਡੀਆਂ ਸ਼ਹਿਰਾਂ ਵਿਚ ਵਿਰੋਧ ਪ੍ਰਦਰਸ਼ਨ ਹੋ ਰਹੇ ਹਨ।



ਲੋਕ ਬੈਨਰ ਲੈ ਕੇ ਚੱਲ ਰਹੇ ਹਨ ਅਤੇ ਟਰੰਪ ਨੂੰ 'ਡਿਕਟੇਟਰ' ਅਤੇ 'ਲੋਕਤੰਤਰ ਲਈ ਖਤਰਾ' ਦੱਸ ਰਹੇ ਹਨ। ਇਨ੍ਹਾਂ ਪ੍ਰਦਰਸ਼ਨਾਂ ਵਿਚ ਯੂਨੀਅਨ ਵਰਕਰ, ਵਿਦਿਆਰਥੀ, ਮਹਿਲਾਵਾਂ ਅਤੇ ਘੱਟ ਗਿਣਤੀ ਭਾਈਚਾਰੇ ਵੀ ਸ਼ਾਮਲ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਟਰੰਪ ਦੀਆਂ ਨੀਤੀਆਂ ਕਾਰਨ ਅਮਰੀਕਾ ਵਿਚ ਵਿਭਾਜਨ ਵਧ ਰਿਹਾ ਹੈ ਅਤੇ ਆਰਥਿਕ ਅਸਥਿਰਤਾ ਆ ਰਹੀ ਹੈ।ਟਰੰਪ ਵੱਲੋਂ ਇਸ ਸਭ ਉੱਤੇ ਤਿੱਖਾ ਪ੍ਰਤੀਕਰਮ ਦਿੱਤਾ ਗਿਆ ਹੈ। ਉਨ੍ਹਾਂ ਨੇ ਇਸ ਨੂੰ 'ਡੀਪ ਸਟੇਟ' ਅਤੇ ਡੈਮੋਕ੍ਰੇਟਸ ਦੀ ਸਾਜ਼ਿਸ਼ ਦੱਸਿਆ ਹੈ। ਟਰੰਪ ਨੇ ਕਿਹਾ ਹੈ ਕਿ ਉਨ੍ਹਾਂ ਨੂੰ ਲੋਕਾਂ ਨੇ ਚੁਣਿਆ ਹੈ ਅਤੇ ਉਨ੍ਹਾਂ ਵਿਰੋਧੀ ਲੋਕ ਲੋਕਤੰਤਰ ਨੂੰ ਖਤਮ ਕਰਨਾ ਚਾਹੁੰਦੇ ਹਨ।



## ਭਗਵੰਤ ਮਾਨ ਸਰਕਾਰ ਵੱਲੋਂ ਸਿੱਖਿਆ ਖੇਤਰ ਵਿਚ ਲਿਆਂਦੀ ਇਨਕਲਾਬੀ ਤਬਦੀਲੀ

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਸਾਲ 2022 ਤੋਂ ਸਿੱਖਿਆ ਖੇਤਰ ਵਿਚ ਇੱਕ ਵੱਡੀ ਤਬਦੀਲੀ ਲਿਆਂਦੀ ਹੈ। ਇਸ ਨੂੰ 'ਸਿੱਖਿਆ ਕ੍ਰਾਂਤੀ' ਜਾਂ 'ਐਜੂਕੇਸ਼ਨ ਰੈਵੋਲਿਊਸ਼ਨ' ਦਾ ਨਾਮ ਦਿੱਤਾ ਗਿਆ ਹੈ। ਇਸ ਤਹਿਤ ਸਰਕਾਰੀ ਸਕੂਲਾਂ ਨੂੰ ਆਧੁਨਿਕ ਬਣਾਉਣ, ਗੁਣਵੱਤਾ ਵਧਾਉਣ ਅਤੇ ਵਿਦਿਆਰਥੀਆਂ ਨੂੰ ਬਿਹਤਰ ਮੌਕੇ ਦੇਣ ਲਈ ਬਹੁਤ ਸਾਰੀਆਂ ਯੋਜਨਾਵਾਂ ਚਲਾਈਆਂ ਗਈਆਂ ਹਨ। ਇਸ ਦਾ ਨਤੀਜਾ ਇਹ ਹੈ ਕਿ ਪੰਜਾਬ ਨੇ ਰਾਸ਼ਟਰੀ ਪੱਧਰ 'ਤੇ ਵੀ ਆਪਣੀ ਥਾਂ ਬਣਾਈ ਹੈ।

ਸਭ ਤੋਂ ਵੱਡੀ ਉਪਲਬਧੀ ਇਹ ਹੈ ਕਿ ਪੰਜਾਬ ਨੇ ਨੈਸ਼ਨਲ ਅਚੀਵਮੈਂਟ ਸਰਵੇ (NAS) ਵਿਚ ਪਹਿਲੀ ਰੈਂਕ ਹਾਸਲ ਕੀਤੀ ਹੈ। ਇਸ ਤੋਂ ਪਹਿਲਾਂ ਸਾਲ 2017 ਵਿਚ ਪੰਜਾਬ 17ਵੀਂ ਜਾਂ 29ਵੀਂ ਰੈਂਕ 'ਤੇ ਸੀ। ਇਸ ਵਿਚ ਗਣਿਤ, ਵਿਗਿਆਨ, ਭਾਸ਼ਾ ਅਤੇ ਸਮਾਜਿਕ ਵਿਗਿਆਨ ਵਰਗੇ ਵਿਸ਼ਿਆਂ ਵਿਚ ਵਿਦਿਆਰਥੀਆਂ ਦੀ ਲਰਨਿੰਗ ਆਊਟਕਮ ਨੂੰ ਮਾਪਿਆ ਗਿਆਮੁੱਖ ਮੰਤਰੀ ਭਗਵੰਤ ਮਾਨ ਨੇ ਇਸ ਉਪਲਬਧੀ ਦਾ ਸਿਹਰਾ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਸਰਕਾਰੀ ਸਕੂਲਾਂ ਵਿਚ ਪੜ੍ਹਦੇ ਬੱਚੇ ਹੁਣ ਰਾਸ਼ਟਰੀ ਪੱਧਰ 'ਤੇ ਟਾਪ ਕਰ ਰਹੇ ਹਨ।ਇਸ ਤੋਂ ਇਲਾਵਾ, ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੇ NEET ਅਤੇ JEE ਵਰਗੀਆਂ ਮੁਸ਼ਕਲ ਪ੍ਰੀਖਿਆਵਾਂ ਵਿਚ ਵੀ ਵਧੀਆ ਨਤੀਜੇ ਦਿਖਾਏ ਹਨ। ਸਾਲ 2025-26 ਵਿਚ ਸਕੂਲ ਆਫ ਐਮੀਨੈਂਸ ਅਤੇ ਹੋਰ ਸਰਕਾਰੀ ਸਕੂਲਾਂ ਤੋਂ 265 ਵਿਦਿਆਰਥੀ JEE ਮੇਨਜ਼ ਵਿਚ ਯੋਗ ਠਹਿਰੇ, 44 ਨੇ JEE ਐਡਵਾਂਸਡ ਕਲੀਅਰ ਕੀਤੀ ਅਤੇ 848 ਨੇ NEET ਵਿਚ ਸਫਲਤਾ ਹਾਸਲ ਕੀਤੀ। ਇਸ ਤੋਂ ਇਲਾਵਾ, ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੇ NEET ਅਤੇ JEE ਵਰਗੀਆਂ ਮੁਸ਼ਕਲ ਪ੍ਰੀਖਿਆਵਾਂ ਵਿਚ ਵੀ ਵਧੀਆ ਨਤੀਜੇ ਦਿਖਾਏ ਹਨ। ਸਾਲ 2025-26 ਵਿਚ ਸਕੂਲ ਆਫ ਐਮੀਨੈਂਸ ਅਤੇ ਹੋਰ ਸਰਕਾਰੀ ਸਕੂਲਾਂ ਤੋਂ 265 ਵਿਦਿਆਰਥੀ JEE ਮੇਨਜ਼ ਵਿਚ ਯੋਗ ਠਹਿਰੇ, 44 ਨੇ JEE ਐਡਵਾਂਸਡ ਕਲੀਅਰ ਕੀਤੀ ਅਤੇ 848 ਨੇ NEET ਵਿਚ ਸਫਲਤਾ ਹਾਸਲ ਕੀਤੀ।ਇਸ ਤੋਂ ਇਲਾਵਾ, ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੇ NEET ਅਤੇ JEE ਵਰਗੀਆਂ ਮੁਸ਼ਕਲ ਪ੍ਰੀਖਿਆਵਾਂ ਵਿਚ ਵੀ ਵਧੀਆ ਨਤੀਜੇ ਦਿਖਾਏ ਹਨ। ਸਾਲ 2025-26 ਵਿਚ ਸਕੂਲ ਆਫ ਐਮੀਨੈਂਸ ਅਤੇ ਹੋਰ ਸਰਕਾਰੀ ਸਕੂਲਾਂ ਤੋਂ 265 ਵਿਦਿਆਰਥੀ JEE ਮੇਨਜ਼ ਵਿਚ ਯੋਗ ਠਹਿਰੇ, 44 ਨੇ JEE ਐਡਵਾਂਸਡ ਕਲੀਅਰ ਕੀਤੀ ਅਤੇ 848 ਨੇ NEET ਵਿਚ ਸਫਲਤਾ ਹਾਸਲ ਕੀਤੀ। ਇਹ ਅੰਕੜੇ ਦਰਸਾਉਂਦੇ ਹਨ ਕਿ ਗਰੀਬ ਅਤੇ ਆਮ ਵਰਗ ਦੇ ਬੱਚਿਆਂ ਨੂੰ ਵੀ ਉੱਚ ਪੱਧਰੀ ਤਿਆਰੀ ਦੇ ਮੌਕੇ ਮਿਲ ਰਹੇ ਹਨ। ਪਹਿਲਾਂ ਇਹ ਮੌਕੇ ਸਿਰਫ਼ ਅਮੀਰ ਲੋਕਾਂ ਦੇ ਬੱਚਿਆਂ ਤੱਕ ਸੀਮਤ ਸਨ।

ਸਰਕਾਰ ਨੇ 'ਸਕੂਲ ਆਫ ਐਮੀਨੈਂਸ' ਯੋਜਨਾ ਤਹਿਤ 118 ਸਰਕਾਰੀ ਸਕੂਲਾਂ ਨੂੰ ਆਧੁਨਿਕ ਬਣਾਇਆ ਹੈ। ਇਸ 'ਤੇ 231 ਕਰੋੜ ਰੁਪਏ ਤੋਂ ਵੱਧ ਖਰਚ ਕੀਤਾ ਗਿਆ ਹੈ। ਇਨ੍ਹਾਂ ਸਕੂਲਾਂ ਵਿਚ ਆਧੁਨਿਕ ਲੈਬਾਂ, ਲਾਇਬ੍ਰੇਰੀਆਂ, ਸਮਾਰਟ ਕਲਾਸਰੂਮ ਅਤੇ ਖੇਡਾਂ ਦੀਆਂ ਸਹੂਲਤਾਂ ਉਪਲਬਧ ਹਨ। ਇਸ ਤੋਂ ਇਲਾਵਾ ਵਿਦਿਆਰਥੀਆਂ ਨੂੰ ਮੁਫ਼ਤ ਕਿਤਾਬਾਂ, ਯੂਨੀਫਾਰਮ ਅਤੇ ਹੋਰ ਸਹਾਇਤਾ ਵੀ ਦਿੱਤੀ ਜਾ ਰਹੀ ਹੈ। ਇਸ ਨਾਲ ਗਰੀਬ ਪਰਿਵਾਰਾਂ ਦੇ ਬੱਚਿਆਂ ਲਈ ਸਿੱਖਿਆ ਲੈਣਾ ਆਸਾਨ ਹੋ ਗਿਆ ਹੈ।

ਇੱਕ ਹੋਰ ਮਹੱਤਵਪੂਰਨ ਕਦਮ ਇਹ ਹੈ ਕਿ ਅਧਿਆਪਕਾਂ ਨੂੰ ਸਿਰਫ਼ ਪੜ੍ਹਾਉਣ 'ਤੇ ਧਿਆਨ ਦੇਣ ਲਈ 1920 ਕੈਂਪਸ ਮੈਨੇਜਰ ਨਿਯੁਕਤ ਕੀਤੇ ਗਏ ਹਨ। ਇਸ ਨਾਲ ਅਧਿਆਪਕਾਂ 'ਤੇ ਗੈਰ-ਸਿੱਖਿਆਤਮਕ ਕੰਮਾਂ ਦਾ ਬੋਝ ਘਟਿਆ ਹੈ। ਇਸ ਤੋਂ ਇਲਾਵਾ ਪੇਰੈਂਟ ਟੀਚਰ ਮੀਟਿੰਗਾਂ (PTM) ਨੂੰ ਨਿਯਮਤ ਤੌਰ 'ਤੇ ਆਯੋਜਿਤ ਕੀਤਾ ਜਾ ਰਿਹਾ ਹੈ। ਇਹ ਪਹਿਲਾਂ ਸਿਰਫ਼ ਪ੍ਰਾਈਵੇਟ ਸਕੂਲਾਂ ਵਿਚ ਹੁੰਦਾ ਸੀ। ਇਸ ਨਾਲ ਮਾਪਿਆਂ ਅਤੇ ਅਧਿਆਪਕਾਂ ਵਿਚਕਾਰ ਸੰਚਾਰ ਵਧਿਆ ਹੈ ਅਤੇ ਬੱਚਿਆਂ ਦੀ ਤਰੱਕੀ ਲਈ ਸਾਂਝੇ ਯਤਨ ਹੋ ਰਹੇ ਹਨ।

ਸਰਕਾਰ ਨੇ ਅਧਿਆਪਕਾਂ ਲਈ ਵੀ ਵੱਡੀਆਂ ਸਕੀਮਾਂ ਚਲਾਈਆਂ ਹਨ। ਇਸ ਤਹਿਤ 95 ਫੀਸਦੀ ਤੋਂ ਵੱਧ ਠੇਕੇਦਾਰ ਅਧਿਆਪਕਾਂ ਨੂੰ ਰੈਗੂਲਰਾਈਜ਼ ਕੀਤਾ ਗਿਆ ਹੈ। ਇਸ ਨੂੰ 'ਨੇਸ਼ਨ ਬਿਲਡਰ ਐਕਟ' ਦਾ ਨਾਮ ਦਿੱਤਾ ਗਿਆ। ਇਸ ਤੋਂ ਇਲਾਵਾ ਅਧਿਆਪਕਾਂ ਅਤੇ ਪ੍ਰਿੰਸੀਪਲਾਂ ਨੂੰ ਵਿਦੇਸ਼ੀ ਸਿਖਲਾਈ ਲਈ ਭੇਜਿਆ ਜਾ ਰਿਹਾ ਹੈ। ਹੁਣ ਤੱਕ 264 ਪ੍ਰਿੰਸੀਪਲਾਂ ਨੂੰ ਸਿੰਗਾਪੁਰ ਅਤੇ ਚਾਰ ਬੈਚਾਂ ਨੂੰ ਫਿਨਲੈਂਡ ਭੇਜਿਆ ਗਿਆ ਹੈ। ਇਸ ਨਾਲ ਉਨ੍ਹਾਂ ਨੂੰ ਆਧੁਨਿਕ ਸਿੱਖਿਆ ਪਦਧਤੀਆਂ ਬਾਰੇ ਗਿਆਨ ਮਿਲਦਾ ਹੈ ਜੋ ਉਹ ਸਰਕਾਰੀ ਸਕੂਲਾਂ ਵਿਚ ਲਾਗੂ ਕਰਦੇ ਹਨ।

ਸਿੱਖਿਆ ਨੂੰ ਰੁਜ਼ਗਾਰ ਨਾਲ ਜੋੜਨ ਲਈ ਵੀ ਯਤਨ ਕੀਤੇ ਗਏ ਹਨ। ਐਂਟਰਪ੍ਰੀਨਿਊਰਸ਼ਿਪ ਮਾਈਂਡਸੈੱਟ ਕਰੀਕੁਲਮ ਚਲਾਇਆ ਗਿਆ ਹੈ ਜਿਸ ਤਹਿਤ ਵਿਦਿਆਰਥੀਆਂ ਨੂੰ ਬਿਜ਼ਨਸ ਸਥਾਪਤ ਕਰਨ ਦੀ ਤਾਲੀਮ ਦਿੱਤੀ ਜਾ ਰਹੀ ਹੈ। ਇਸ ਤਹਿਤ ਆਈਟੀਆਈਜ਼ ਅਤੇ ਪਾਲੀਟੈਕਨਿਕਾਂ ਵਿਚ ਬਿਜ਼ਨਸ ਕਰੀਕੁਲਮ ਸ਼ਾਮਲ ਕੀਤਾ ਗਿਆ ਹੈ। ਇਸ ਨਾਲ ਵਿਦਿਆਰਥੀ ਨੌਕਰੀ ਲੱਭਣ ਵਾਲੇ ਬਣਨ ਦੀ ਬਜਾਏ ਨੌਕਰੀ ਦੇਣ ਵਾਲੇ ਬਣ ਰਹੇ ਹਨ। ਇਸ ਤੋਂ ਇਲਾਵਾ ਸਰਕਾਰ ਨੇ 61,000 ਤੋਂ ਵੱਧ ਨੌਜਵਾਨਾਂ ਨੂੰ ਮੈਰਿਟ ਦੇ ਆਧਾਰ 'ਤੇ ਸਰਕਾਰੀ ਨੌਕਰੀਆਂ ਦਿੱਤੀਆਂ ਹਨ। ਇਸ ਵਿਚ ਭ੍ਰਿਸ਼ਟਾਚਾਰ ਜਾਂ ਭਾਈ-ਭਤੀਜਾਵਾਦ ਦੀ ਕੋਈ ਗੁੰਜਾਇਸ਼ ਨਹੀਂ ਰੱਖੀ ਗਈ।

## ਸਵਾਸ ਪੂਰੇ ਹੁੰਦਿਆਂ ਮੌਤ ਦੇਣ ਲੱਗਾ ਤਾ ਕੁੱਝ ਹਾਲ ਦੀ ਦਈਂ, ਹੋ ਸਕੇ ਤਾ ਸਾਧਾਂ-ਸੰਤਾਂ ਨਾਲ ਦੀ ਦਈਂ



ਸਵਾਸ ਪੂਰੇ ਹੁੰਦਿਆਂ ਮੌਤ ਦੇਣ ਲੱਗਾ ਤਾ
ਕੁੱਝ ਹਾਲ ਦੀ ਦਈਂ,
ਹੋ ਸਕੇ ਤਾ ਸਾਧਾਂ-ਸੰਤਾਂ ਨਾਲ ਦੀ ਦਈਂ!
ਜਮਦੂਦ ਡਾਕਟਰਾਂ ਨਾਲ ਨਾ ਪਵੇ ਵਾਹ
ਮੇਰਾ,ਖਬਰ ਬੇਸ਼ਕ ਨਾ ਅੱਗੋਂ ਤੂੰ ਕਾਲ ਦੀ
ਦਈਂ !
ਕਿਰਦਾਰ ਅਜਿਹਾ ਘੜੀ ਜੋ ਕਿਸੇ ਵਿੱਚੋਂ
ਬਦ ਦੁਆ ਨਾ ਨਿੱਕਲੇ,ਤੇ ਗਠੜੀ
ਭੁੱਲ ਕੇ ਨਾ ਬਹੁ ਪ੍ਰਕਾਰੀ ਗਾਲ ਦੀ ਦਈਂ !
ਹੱਥੀਂ ਬੁਣ ਰਿਹਾਂ ਹਾਂ ਜੋ ਨਿੱਤ ਮੈਂ ਦੁਆਲੇ
ਆਪਣੇ,ਕਾਟ ਸੋਝੀ ਦੇ ਕੇ ਮੈਨੂੰ ਇਸ ਜਾਲ
ਦੀ ਦਈਂ !
ਬਹੁਤਾ ਮੰਗਦਾ ਨਈਂ ਅਨੋਖੇ ਸਬਰ ਦੀ
ਜੋ ਦਾਤ ਮਿਲੀ,ਬਸ ਦੋ ਵਕਤ ਰੋਟੀ ਨਾਲ
ਕਟੋਰੀ ਭਰ ਦਾਲ ਦੀ ਦਈਂ !
ਅਖੀਰ ਮੌਤ ਦੇਣ ਲੱਗਾ ਤਾ ਕੁੱਝ ਹਾਲ ਦੀ
ਦਈਂ,
ਹੋ ਸਕੇ ਤਾ ਸਾਧਾਂ-ਸੰਤਾਂ ਨਾਲ ਦੀ ਦਈਂ!

ਕਵਿਤਾ ਪੜ੍ਹ ਕੇ ਡਰ ਨਾ ਜਾਣਾ ਹਾਲ ਹੀ ਵਿੱਚ ਮੈਂ ਬੜੀ ਤਕਲੀਫ ਝੱਲ ਰਹੇ ਇੱਕ ਮਰੀਜ ਨੂੰ ਮਿਲੀ ਤੇ ਉਸ ਦੀ ਵਿਆਕੁਲਤਾ ਤੇ ਨਿਰਾਸ਼ਾ ਦੇਖ ਕੇ ਮੈਨੂੰ ਇਸ ਕਵਿਤਾ ਦੀ ਆਮਦ ਹੋਈ ! ਸੋ ਮੈਂ ਤੁਹਾਡੇ ਨਾਲ ਸਾਂਝੀ ਕਰ ਦਿੱਤੀ ਤਾ ਜੋ ਸਮਾਂ ਰਹਿੰਦੇ ਚੰਗੇ ਕਰਮ ਕਰਨ ਦੀ ਸੋਝੀ ਕਿਸੇ ਨਾ ਕਿਸੇ ਨੂੰ ਆ ਸਕੇ !

ਲੇਖਕ : ਰਣਜੀਤ ਕੌਰ ਟੁਰਾਂਟੋਂ।

## ਗ਼ਜ਼ਲ (ਵਿੰਦਰ ਮਾਝੀ)



ਸੱਪ ਹੁਣ ਡਰਦੈ, ਬੰਦਾ ਉਸ ਨੂੰ ਡੰਗ ਨਾ ਦੇਵੇ।
ਅਪਣੇ ਜ਼ਹਿਰੀ ਰੰਗ 'ਚ ਉਸ ਨੂੰ ਰੰਗ ਨਾ ਦੇਵੇ।

ਸਿੱਧੀ ਚੀਜ ਚੜ੍ਹੇ ਨਾ ਨਜ਼ਰੀਂ ਓਦੋਂ ਤੀਕਰ,
ਜਦ ਤਕ ਬੰਦਾ ਇਸ ਨੂੰ ਉਲਟੀ ਟੰਗ ਨਾ ਦੇਵੇ।

ਲਾਵਾਂ ਖ਼ਾਤਰ ਆਉਂਦੇ ਅੱਧਖੜ੍ਹ ਰੋਜ਼ ਵਿਦੇਸ਼ੋਂ,
ਔਪਰ ਧੀ ਇਹਨਾਂ ਨੂੰ ਕੋਈ ਮੰਗ ਨਾ ਦੇਵੇ।

ਜਿਸ ਨੂੰ ਪਿਆਰ ਚ ਮਿੱਠੇ ਲਾਰੇ ਲਾਏ ਸਭ ਨੇ,
ਕੋਈ ਉਸ ਨੂੰ ਝੂਠੀ ਹੋਰ ਉਮੰਗ ਨਾ ਦੇਵੇ।

ਭਟਕਣ ਘਟਦੀ ਨਾ ਓਦੋਂ ਤਕ ਜੀਵਨ ਵਿੱਚੋਂ,
ਕੋਈ ਜਦ ਤਕ ਸਾਨੂੰ ਸੇਧ ਜਾਂ ਢੰਗ ਨਾ ਦੇਵੇ।

ਬਣਿਆ ਰਹਿਣਾ ਹੈ ਲੋਹੇ ਨੇ ਤਾਂ ਲੋਹਾ ਹੀ,
ਜਦ ਤਕ ਪਾਰਸ ਉਸ ਨੂੰ ਅਪਣਾ ਸੰਗ ਨਾ ਦੇਵੇ।

ਔਖੇ ਵੇਲੇ ਜਿਸ ਨੇ ਬੂਹੇ ਖੁੱਲ੍ਹੇ ਰੱਖੇ,
ਕੁਦਰਤ ਉਸ ਨੂੰ ਵਕਤ ਜ਼ਰਾ ਵੀ ਤੰਗ ਨਾ ਦੇਵੇ।

'ਮਾਝੀ' ਕੁੱਲੀ, ਗੁੱਲੀ, ਜੁੱਲੀ ਬਹੁਤ ਜ਼ਰੂਰੀ,
ਕਿੱਧਰੇ ਬਾਬਲ ਧੀ ਨੂੰ ਮੰਗ ਮਲੰਗ ਨਾ ਦੇਵੇ।

ਵਿੰਦਰ ਮਾਝੀ

ਲੇਖਕ ਆਪਣੀਆਂ ਰਚਨਾਵਾਂ
ਇਸ ਨੰਬਰ ਤੇ ਭੇਜ ਸਕਦੇ ਹਨ
+91 98155 61022

ਅਦਾਰਾ ਸੀ 7 ਨਿਊਜ਼ ਵਿੱਚ ਲੇਖਕਾਂ ਦੁਆਰਾ ਲਗਵਾਈਆਂ ਜਾਂਦੀਆਂ ਕਵਿਤਾਵਾਂ, ਕਹਾਣੀਆਂ, ਲੇਖ ਆਦਿ ਲੇਖਕਾਂ ਦੇ ਨਿੱਜੀ ਵਿਚਾਰ ਹਨ ਇਸਦੇ ਨਾਲ ਅਦਾਰਾ ਸੀ 7 ਨਿਊਜ਼ ਦੇ ਐਡੀਟਰ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ

# ਸੱਚ ਕਹਾਂ ਤਾਂ 80% ਬਿਜ਼ਨਸ ਬੰਦ ਨਹੀਂ ਹੁੰਦੇ... ਹੌਲੀ-ਹੌਲੀ ਘੁੱਟ ਕੇ ਮਰਦੇ ਹਨ। ਬਾਹਰੋਂ ਸਭ ਕੁਝ ਠੀਕ ਦਿਖਦਾ ਹੈ... ਅੰਦਰੋਂ ਸਿਸਟਮ ਟੁੱਟਿਆ ਹੁੰਦਾ ਹੈ।



ਸੱਚ ਕਹਾਂ ਤਾਂ 80% ਬਿਜ਼ਨਸ ਬੰਦ ਨਹੀਂ ਹੁੰਦੇ... ਹੌਲੀ-ਹੌਲੀ ਘੁੱਟ ਕੇ ਮਰਦੇ ਹਨ। ਬਾਹਰੋਂ ਸਭ ਕੁਝ ਠੀਕ ਦਿਖਦਾ ਹੈ... ਅੰਦਰੋਂ ਸਿਸਟਮ ਟੁੱਟਿਆ ਹੁੰਦਾ ਹੈ।ਕਈ ਵਾਰ ਜਦੋਂ ਮੈਂ ਪੰਜਾਬ ਦੇ ਛੋਟੇ ਉਦਯੋਗਪਤੀਆਂ/ ਬਿਜ਼ਨਸ ਮਾਲਕਾਂ ਨਾਲ ਮਿਲਦਾ ਹਾਂ... ਇੱਕ ਗੱਲ ਬਾਰ-ਬਾਰ ਸਾਹਮਣੇ ਆਉਂਦੀ ਹੈ — ਸਾਰੇ scale ਕਰਨਾ ਚਾਹੁੰਦੇ ਹਨ, ਪਰ sustain ਨਹੀਂ ਕਰ ਪਾ ਰਹੇ ਹੁੰਦੇ।
ਸਭ ਦਾ ਫੋਕਸ "ਵੱਡਾ ਬਣਨਾ" ਹੈ...
ਪਰ ਬਿਜ਼ਨਸ "ਬਚਾ ਕੇ ਰੱਖਣਾ" ਕੋਈ ਨਹੀਂ ਸਿੱਖਦਾ।
ਸੱਚੀ ਗੱਲ —
ਬਿਜ਼ਨਸ ਇੱਕ ਸਿੱਧੀ ਲਾਈਨ ਨਹੀਂ ਹੁੰਦਾ।
ਇਹ stages ਵਿੱਚ ਬਣਦਾ ਹੈ।
ਜੇ ਤੁਸੀਂ ਇਹ stages ਸਮਝ ਲਓ...
ਤਾਂ ਤੁਹਾਡੀ struggle ਬਹੁਤ ਘੱਟ ਹੋ ਜਾਏਗੀ।

7 Stages Framework (Simple & Practical)—

1️⃣ Goal Decide ਕਰਨਾ (Direction Fix ਕਰੋ)
ਸਭ ਤੋਂ ਪਹਿਲਾਂ ਸਾਫ਼ ਕਰੋ:
* ਤੁਸੀਂ ਕੀ ਚਾਹੁੰਦੇ ਹੋ? (Revenue, Profit, Market)
* ਕਿੰਨੇ ਸਮੇਂ ਵਿੱਚ ਕਰਨਾ ਚਾਉਂਦੇ ਹੋ?
ਉਦਾਹਰਣ:
"ਅਗਲੇ 12 ਮਹੀਨੇ ਵਿੱਚ 2X growth"
ਜੇ goal ਹੀ clear ਨਹੀਂ...
ਤਾਂ ਬਾਕੀ ਸਭ confusion ਹੈ।

2️⃣ Execution (90 ਦਿਨ ਦਾ Discipline Phase)
ਇਹ ਸਭ ਤੋਂ critical stage ਹੈ।
ਇੱਥੇ ਤੁਸੀਂ system ਬਣਾਉਂਦੇ ਹੋ:
* Daily sales calls
* Weekly follow-ups
* Monthly tracking
* Checklist
Rule simple ਹੈ:
90 ਦਿਨ ਲਗਾਤਾਰ ਇੱਕ ਹੀ system follow ਕਰੋ।
Problem ਕੀ ਹੁੰਦੀ ਹੈ?
ਲੋਕ 20-25 ਦਿਨ ਕਰਦੇ ਹਨ...
ਫਿਰ ਜਾਂ ਛੱਡ ਦਿੰਦੇ ਹਨ ਜਾਂ overconfident ਹੋ ਜਾਂਦੇ ਹਨ, ਅਤੇ 90 ਦਿਨ ਦਾ ਸਾਈਕਲ ਪੂਰਾ ਨਹੀਂ ਕਰਦੇ।

3️⃣ Momentum (ਚੱਕਾ ਘੁੰਮਣਾ ਸ਼ੁਰੂ)
90 ਦਿਨ ਬਾਅਦ...
ਚੀਜ਼ਾਂ ਹੌਲੀ-ਹੌਲੀ ਚੱਲਣ ਲੱਗ ਪੈਂਦੀਆਂ ਹਨ। ਬਿਜ਼ਨਸ ਗਤੀ ਫੜਨ ਲਗਦਾ ਹੈ।
* Enquiries ਵੱਧਦੀਆਂ ਹਨ
* Repeat business ਆਉਂਦਾ ਹੈ
* Team rhythm ਵਿੱਚ ਆ ਜਾਂਦੀ ਹੈ
ਇੱਥੇ patience ਰੱਖਣਾ ਪੈਂਦਾ ਹੈ।
ਜ਼ਿਆਦਾਤਰ ਲੋਕ ਇੱਥੇ ਹੀ confuse ਹੋ ਜਾਂਦੇ ਹਨ।

4️⃣ Stabilizing (System settle ਹੋਣਾ)
ਇਸ stage ਤੇ business stable ਹੋਣਾ ਸ਼ੁਰੂ ਹੁੰਦਾ ਹੈ।
* Sales predictable ਹੋਣ ਲੱਗਦੀ ਹੈ
* Cash flow improve ਹੁੰਦਾ ਹੈ
* Team ਨੂੰ clarity ਆ ਜਾਂਦੀ ਹੈ
ਇੱਥੇ mistake ਕੀ ਹੁੰਦੀ ਹੈ?
Results ਆਉਣ ਤੇ ਲੋਕ discipline ਛੱਡ ਦਿੰਦੇ ਹਨ।

5️⃣ Quantum Leap (ਅਚਾਨਕ jump)
ਇੱਕ time ਆਉਂਦਾ ਹੈ...
ਜਦੋਂ results ਅਚਾਨਕ jump ਕਰਦੇ ਹਨ।
* ਵੱਡੇ orders
* Strong positioning
* Faster growth
ਇਹ luck ਨਹੀਂ ਹੁੰਦਾ...
ਇਹ ਪਿਛਲੇ discipline ਦਾ result ਹੁੰਦਾ ਹੈ।

6️⃣ Re-Stabilizing (ਨਵਾਂ system ਬਣਾਉਣਾ)
ਇੱਥੇ ਸਭ ਤੋਂ ਵੱਡੀ ਗਲਤੀ ਹੁੰਦੀ ਹੈ।
ਜਦੋਂ business ਵੱਧਦਾ ਹੈ...
ਪੁਰਾਣਾ system ਕੰਮ ਨਹੀਂ ਕਰਦਾ। Overload ਹੋ ਜਾਂਦਾ ਹੈ।
ਇੱਥੇ ਤੁਹਾਨੂੰ ਦੁਬਾਰਾ:
* Team structure ਬਦਲਣਾ ਪਏਗਾ
* Process upgrade ਕਰਨਾ ਪਏਗਾ
* Reporting system improve ਕਰਨਾ ਪਏਗਾ
ਇਹ stage ignore ਕੀਤੀ...
ਤਾਂ business ਫਿਰ down ਆ ਸਕਦਾ ਹੈ।

7️⃣ Business Without You (Freedom Stage)
ਅਸਲੀ game ਇੱਥੇ ਹੈ।
ਹੁਣ:
* ਤੁਹਾਡਾ System ਚੱਲ ਰਿਹਾ ਹੈ
* Team decisions ਲੈ ਰਹੀ ਹੈ
* Owner ਹਰ ਕੰਮ ਵਿੱਚ involve ਨਹੀਂ ਹੋ ਰਿਹਾ ਹੈ
ਹੁਣ ਤੁਸੀਂ "ਬਿਜ਼ਨਸ ਚਲਾ" ਨਹੀਂ ਰਹੇ...
ਬਿਜ਼ਨਸ ਤੁਹਾਡੇ ਲਈ ਚੱਲ ਰਿਹਾ ਹੈ।
ਅਖੀਰ ਦੀ ਗੱਲ—
ਪੰਜਾਬ ਵਿੱਚ problem talent ਦੀ ਨਹੀਂ ਹੈ...
problem ਇਹ ਸਮਝਣ ਦੀ ਹੈ, ਕਿ ਕਦੋਂ ਕੀ ਕਰਨਾ ਹੈ।
ਹਰ ਕੋਈ Stage 5 (Quantum Leap) ਚਾਹੁੰਦਾ ਹੈ...
ਪਰ Stage 2 (Discipline) 'ਚ ਟਿਕਦਾ ਨਹੀਂ।
ਜੇ ਤੁਸੀਂ ਸਿਰਫ਼ ਇਹ ਇੱਕ ਗੱਲ ਸਮਝ ਲਓ:
"Consistency → Momentum → Scale"
ਤਾਂ game change ਹੋ ਸਕਦੀ ਹੈ।
ਬਿਜ਼ਨਸ overnight ਨਹੀਂ ਬਣਦਾ...
ਪਰ systematically ਜ਼ਰੂਰ ਬਣਦਾ ਹੈ।
ਬਿਜ਼ਨਸ ਚਾਹੇ ਕੋਈ ਵੀ ਹੋਵੇ, ਪਰ structure ਹਰ ਬਿਜ਼ਨਸ ਦਾ ਇੱਕੋ ਜਿਹਾ ਹੁੰਦਾ ਹੈ
ਅਤੇ System ਤੋਂ ਬਗ਼ੈਰ, ਤੁਹਾਡਾ ਬਿਜ਼ਨਸ ਸਿਰਫ ਇੱਕ ਬਹੁਤ ਮਹਿੰਗੀ hobby ਬਣ ਕੇ ਰਹਿ ਜਾਂਦਾ ਹੈ।
ਨਿਮਰਤਾ ਸਹਿਤ
— ਮਨਿੰਦਰ ਸਿੰਘ ਸੌਂਦ

# ਫ਼ਿਕਰ ਓਦੋਂ ਕਰਿਆ ਕਰੋ, ਜਦ ਦਿਲ ਤੋਂ ਅਵਾਜ਼ ਆਏ ਤੂੰ ਗਲਤ ਏਂ। ਦੂਜੇ ਪਾਸੇ ਚਾਹੇ ਲੱਖ ਅੱਤ ਹੋਵੇ, ਸਬਰ ਵਿੱਚ ਰਹੋ।



ਫ਼ਿਕਰ ਓਦੋਂ ਕਰਿਆ ਕਰੋ, ਜਦ ਦਿਲ ਤੋਂ ਅਵਾਜ਼ ਆਏ ਤੂੰ ਗਲਤ ਏਂ। ਦੂਜੇ ਪਾਸੇ ਚਾਹੇ ਲੱਖ ਅੱਤ ਹੋਵੇ, ਸਬਰ ਵਿੱਚ ਰਹੋ। ਆਪਾਂ ਕੀ ਕਰਨਾ ਹੈ ਹਰ ਇੱਕ ਦਾ ਮੋਹਰ ਲੱਗਾ ਸਰਟੀਫਿਕੇਟ ਲੈ ਕੇ। ਉਹ ਕਹਾਣੀ ਸੁਣੀ ਹੈ ਨਾ, ਖੋਤੇ ਦੀ ਸਵਾਰੀ ਕਰਨ ਵਾਲਾ ਵੀ ਗਲਤ ਹੈ, ਖੋਤੇ ਦੇ ਨਾਲ ਤੁਰਨ ਵਾਲਾ ਵੀ ਗ਼ਲਤ ਅਤੇ ਖੋਤੇ ਨੂੰ ਸਿਰ ਤੇ ਚੁੱਕ ਕੇ ਆਪ ਤੁਰਨ ਵਾਲਾ ਵੀ। ਇਹ ਅੱਜ ਦਾ ਜ਼ਮਾਨਾ, ਬਹੁਤ ਮਜਬੂਤ ਹੋ ਕੇ ਜਿਊਣ ਵਾਲਾ ਜ਼ਮਾਨਾ ਹੈ। ਮਾਨਸਿਕ ਤੌਰ ਤੇ ਹਮਲਾ ਕਰਨ ਵਾਲੇ ਹਥਿਆਰ ਵੱਧ ਗਏ ਹਨ। ਹਰ ਕਿਸੇ ਕੋਲ ਸੋਸ਼ਲ ਮੀਡੀਆ ਦੀ ਬੰਦੂਕ ਹੈ। ਲਫ਼ਜਾਂ ਦੀ ਅੱਗ ਝੁਲਸਾ ਝੁਲਸਾ ਲੋਕਾਂ ਨੂੰ ਮਾਰ ਮੁਕਾਉਣ ਵਿੱਚ ਪੂਰੀ ਕਾਮਯਾਬ ਹੈ। ਤੇ ਬਾਕੀ ਸਾਰੇ ... ਗੁਰਦੁਆਰੇ ਭਾਵੇਂ ਕਦੇ ਆਟੇ ਦੀ ਗੁਥਲੀ ਲੈ ਕੇ ਨਾ ਗਏ ਹੋਣ .. ਇੱਥੇ ਤੇਲ ਪਾਉਣ ਵਿੱਚ ਪੂਰੇ ਸ਼ੇਰ! ਚਸਕਿਆਂ ਨੇ ਸੰਸਕਾਰ ਖੋਹ ਲਏ।
ਜਿਹੜੀ ਲੜਾਈ ਦੁਸ਼ਮਣ ਆਪ ਲੁੱਕ ਕੇ ਲੜਦਾ ਹੋਵੇ, ਕਿਓਂ ਉਸ ਤੋਂ ਡਰ.. ਉਸ ਕਸੂਰ ਨੂੰ ਆਪਣੇ ਮੱਥੇ ਮੜ .. ਜੋ ਹੈ ਵੀ ਨਹੀਂ ਤੁਹਾਡਾ .. ਕਿਓਂ ਇੰਨਾ ਬੋਝ? ਆਪਣੇ ਸੁਪਨੇ, ਆਪਣੇ ਸਾਹ ਨਾ ਕਦੇ ਵੀ ਦਾਅ ਤੇ ਲਗਾਇਓ।
ਸਾਹ ਤੋਂ ਕੀਮਤੀ ਕੁਝ ਵੀ ਨਹੀਂ। ਰੱਬ ਨੇ ਕਹਿਣਾ ਮੈਂ ਤੇ ਤੈਨੂੰ ਇੰਨਾ ਕੀਮਤੀ ਮਨੁੱਖੀ ਜੀਵਨ ਦਿੱਤਾ .. ਤੂੰ ਫੇਸਬੁੱਕ ਦੀ ਬਲੀ ਚੜ੍ਹ ਕੇ ਆ ਗਿਆ?
ਹੋਸ਼ ਵਿੱਚ ਰਹੋ।
(ਅੱਗੇ ਵੱਧ ਰਹੀਆਂ ਔਰਤਾਂ ਅਤੇ ਮਰਦਾਂ ਦੇ ਨਾਮ)
- ਮਨਦੀਪ ਕੌਰ ਟਾਂਗਰਾ

# ਮਿੰਨੀ ਕਹਾਣੀ:- ਪੇਕਿਆਂ ਦਾ ਦੁੱਖ



ਰੱਬਾ ਸੁੱਕ ਗਈ ਸੀ ਉਹ ਟਾਹਲੀ
ਜਿਹੜੀ ਦਾਦੀ ਨੇ ਪੇਕਿਆਂ ਤੋਂ ਲਿਆ ਕੇ ਲਾਈ ਸੀ, ਪੱਤਾ ਕੋਈ ਲੱਭਦਾ ਨਹੀਂ, ਛੋਟੀਆਂ ਟਾਹਣੀਆਂ ਵੀ ਗਈਆਂ, ਵੱਡੇ ਟਾਹਣੇ ਜਿਵੇਂ ਆਪਣੇ ਗਿਆ ਦੇ ਸੰਤਾਪ ਹੰਢਾ ਰਹੇ ਹੋਣ
ਦਾਦੀ ਵੀ ਤਾ ਇੰਜ ਹੀ ਆਪਣਿਆ ਦੇ ਜਾਣ ਪਿੱਛੋਂ ਦੁੱਖੀ ਰਹਿੰਦੀ ਸੀ, ਪੁੱਤ, ਪੋਤਰੇ, ਫਿਰ ਪਤੀ ਸਭ ਤੋਰ ਦਿੱਤੇ ਸੀ ਇਸ ਟਾਹਲੀ ਵਾਂਗੂ ਬਿਲਕੁੱਲ
ਅੱਜ ਇਸ ਟਾਹਲੀ ਨੂੰ ਦੇਖ ਕੇ ਦਾਦੀ ਦੀ ਯਾਦ ਆਈ,,,, ਜਦੋਂ ਸੁੱਕੀ ਟਾਹਲੀ ਨੂੰ ਟਰੈਕਟਰ ਨਾਲ ਪੁੱਟਿਆ ਸੀ, ਇੰਜ ਲੱਗਾ ਜਿਵੇਂ ਅੱਜ ਸੱਚਮੁੱਚ ਦਾਦੀ ਇਹ ਘਰ ਛੱਡ ਗਈ ਭਾਵੇਂ ਕੇ ਉਸਨੂੰ ਗਿਆ 10 ਸਾਲ ਹੋ ਗਏ,,,
ਟਾਹਲੀ ਪੁੱਟ ਕੇ ਦਿਹਾੜੀ ਵਾਲਾ ਕਹਿਣ ਲੱਗਾ ਬਾਲਣ ਕਿੱਥੇ ਲਾਵਾ,,,, ਅੱਗੋਂ ਜਵਾਬ ਆਇਆ ਕੀ ਕਰਨਾ ਬਾਲਣ ਹੁਣ ਤੇ ਇਸ ਘਰੋਂ ਕੋਈ ਸਿਵਾ ਵੀ ਨਹੀਂ ਉੱਠਣਾ,,,,,,,,
ਸਾਰਾ ਬਾਲਣ ਗੁਰੂਦਵਾਰਾ ਸਾਹਿਬ ਛੱਡ ਆਉਣਾ,,,,,, ਛੋਟੇ ਸਾਹਿਬਜਾਦਿਆ ਦੇ ਸ਼ਹੀਦੀ ਦਿਹਾੜੇ ਆ ਰਹੇ,,, ਲੰਗਰਾ ਚ ਹਿੱਸਾ ਪੈ ਜਾਊ ਦਾਦੀ ਗੁਰਚਰਨ ਕੌਰ ਦੇ ਨਾਮ ਦਾ,,,
ਅੱਜ ਸੱਚੀ ਉਹ ਬਹੁਤ ਉਦਾਸ ਸੀ, ਲੱਗ ਰਿਹਾ ਸੀ ਪੇਕਿਆਂ ਦੀ ਆਖਰੀ ਨਿਸ਼ਾਨੀ ਵੀ ਗੁਆਚ ਗਈ,,,,,
ਸ਼ਾਮ ਨੂੰ ਰੱਬ ਦੇ ਘਰ ਜਾ ਕੇ ਅਰਦਾਸ ਕਰਦੀ ਰੱਬਾ ਕਿਸੇ ਧੀ ਦੇ ਪੇਕਿਆਂ ਦੇ ਮਹਿਲ ਸੁੰਞੇ ਨਾ ਕਰੀ,,,, ਉਸ ਧੀ ਦਾ ਵੱਸਦੀ ਰੱਸਦੀ ਦਾ ਦਿਲ ਹਮੇਸ਼ਾ ਰੋਂਦਾ ਰਹਿੰਦਾ ਈ ਰੱਬਾ,,,,,,,,,
ਰਮਨਦੀਪ ਕੌਰ

Cee7News ਵਿੱਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ
9463661542, cee7news@gmail.com

**Cee7 NEWS** ਸ਼ਬਦ ਸੱਭਿਆਚਾਰ ਦੇ ਪਸਾਰ ਲਈ ਨਿਰੰਤਰ ਯਤਨਸ਼ੀਲ ਸੰਸਥਾ "ਕਲਾਪੀਠ ", ਅਨਿਲ ਆਦਮ ਮੈਮੋਰੀਅਲ ਫਾਊਂਡੇਸ਼ਨ ਅਤੇ ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ ਦੇਵ ਸਮਾਜ ਕਾਲਜ ਫਾਰ ਵੂਮੈਨ ਵੱਲੋਂ ਦੂਜਾ ਅਨਿਲ ਆਦਮ ਸਿਮਰਤੀ ਸਮਾਗਮ ਕਰਵਾਇਆ ਗਿਆ।

# ਸੰਵੇਦਨਾ, ਸਿਰਜਣਾ, ਸਨਮਾਨ ਅਤੇ ਸ਼ਾਇਰੀ ਦੇ ਕਈ ਰੰਗ ਬਿਖੇਰ ਗਿਆ ਦੂਜਾ ਅਨਿਲ ਆਦਮ ਸਿਮਰਤੀ ਸਮਾਗਮ

ਫ਼ਿਰੋਜ਼ਪੁਰ ( ਹਰਮੀਤ ਵਿਦਿਆਰਥੀ ਕਲਾਪੀਠ ਫ਼ਿਰੋਜ਼ਪੁਰ ) ਸ਼ਬਦ ਸੱਭਿਆਚਾਰ ਦੇ ਪਸਾਰ ਲਈ ਨਿਰੰਤਰ ਯਤਨਸ਼ੀਲ ਸੰਸਥਾ "ਕਲਾਪੀਠ ", ਅਨਿਲ ਆਦਮ ਮੈਮੋਰੀਅਲ ਫਾਊਂਡੇਸ਼ਨ ਅਤੇ ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ ਦੇਵ ਸਮਾਜ ਕਾਲਜ ਫਾਰ ਵੂਮੈਨ ਵੱਲੋਂ ਦੂਜਾ ਅਨਿਲ ਆਦਮ ਸਿਮਰਤੀ ਸਮਾਗਮ ਕਰਵਾਇਆ ਗਿਆ।ਪੰਜਾਬੀ ਅਤੇ ਹਿੰਦੀ ਵਿੱਚ ਇੱਕੋ ਜਿੰਨੀ ਮੁਹਾਰਤ ਅਤੇ ਸ਼ਿੱਦਤ ਨਾਲ ਕਵਿਤਾ ਲਿਖਣ ਵਾਲਾ ਅਨਿਲ ਆਦਮ ਨਾ ਕੇਵਲ ਬਹੁਤ ਸੂਖ਼ਮ ਕਵੀ ਸੀ ਸਗੋਂ ਇੱਕ ਚੰਗਾ ਅਨੁਵਾਦਕ, ਸੂਝਵਾਨ ਅਧਿਆਪਕ ਵੀ ਸੀ। ਉਸਦੀ ਕਵਿਤਾ ਦੀਆਂ ਤਿੰਨ , ਅਨੁਵਾਦ ਦੀਆਂ ਚਾਰ ਅਤੇ ਬਾਲ ਸਾਹਿਤ ਦੀਆਂ ਅੱਧੀ ਦਰਜਨ ਪੁਸਤਕਾਂ ਛਪ ਚੁੱਕੀਆਂ ਹਨ। ਦੇਵ ਸਮਾਜ ਕਾਲਜ ਵਿੱਚ ਕਰਵਾਏ ਗਏ ਇਸ ਸਮਾਗਮ ਦੇ ਪ੍ਰਧਾਨਗੀ ਮੰਡਲ ਵਿੱਚ ਪ੍ਰਸਿੱਧ ਸ਼ਾਇਰ ਤੇ ਅਲੋਚਕ ਪ੍ਰੋ. ਅਤੈ ਸਿੰਘ, ਪ੍ਰਗਤੀਸ਼ੀਲ ਲੇਖਕ ਸੰਘ ਦੇ ਪ੍ਰਧਾਨ ਪ੍ਰੋ. ਸੁਰਜੀਤ ਜੱਜ, ਨਾਮਵਰ ਚਿੰਤਕ ਡਾ. ਕੁਲਦੀਪ ਸਿੰਘ ਦੀਪ ਅਤੇ ਅਨਿਲ ਆਦਮ ਮੈਮੋਰੀਅਲ ਫਾਊਂਡੇਸ਼ਨ ਦੀ ਪ੍ਰਧਾਨ ਅੰਜੁਮ ਸ਼ਰਮਾ ਸ਼ਾਮਿਲ ਹੋਏ।

ਕਲਾਪੀਠ ਦੇ ਜਨਰਲ ਸਕੱਤਰ ਸੁਖਜਿੰਦਰ ਨੇ ਮੰਚ ਸੰਭਾਲਦਿਆਂ ਅਨਿਲ ਆਦਮ ਨੂੰ ਜ਼ਿੰਦਗੀ ਅਤੇ ਕਵਿਤਾ ਦਾ ਛਿੰਦਾ ਪੁੱਤ ਦੱਸਿਆ ਜਿਸ ਨੇ ਆਪਣਾ ਆਪ ਕਵਿਤਾ ਨੂੰ ਸਮਰਪਿਤ ਕੀਤਾ ਹੋਇਆ ਸੀ। ਉੱਘੇ ਪੰਜਾਬੀ ਗ਼ਜ਼ਲਗੋ ਪ੍ਰੋ. ਗੁਰਤੇਜ ਕੋਹਾਰਵਾਲਾ ਨੇ ਕਲਾਪੀਠ ਦੇ ਕਾਰਜਾਂ ਦਾ ਜ਼ਿਕਰ ਕਰਦਿਆਂ ਆਏ ਹੋਏ ਮਹਿਮਾਨਾਂ ਨੂੰ ਜੀ ਆਇਆਂ ਨੂੰ ਕਿਹਾ। ਡਾ. ਕੁਲਦੀਪ ਸਿੰਘ ਦੀਪ ਨੇ ਅਨਿਲ ਆਦਮ ਦੀ ਸਖਸ਼ੀਅਤ ਅਤੇ ਰਚਨਾ ਬਾਰੇ ਕੁੰਜੀਵਤ ਭਾਸ਼ਣ ਦਿੰਦਿਆਂ ਕਿਹਾ ਕਿ ਉਹ ਬੁਨਿਆਦੀ ਤੌਰ ਤੇ ਮੁਹੱਬਤੀ ਜੀਅ ਸੀ, ਜਿਸਨੇ ਆਪਣੀ ਕਵਿਤਾ ਵਿੱਚ ਜ਼ਿੰਦਗੀ ਦੇ ਕੱਚ ਸੱਚ ਨੂੰ ਨਾ ਕੇਵਲ ਖ਼ੂਬਸੂਰਤੀ ਨਾਲ ਪਰੋਇਆ ਸਗੋਂ ਉਮਰ ਭਰ ਕਵਿਤਾ ਨਾਲ ਆਪਣੀ ਮੁਹੱਬਤ ਨਾਲ ਪਾਲਿਆ। ਅਧਿਆਪਕ ਹੋਣ ਕਰਕੇ ਅਨਿਲ ਦੀ ਕਵਿਤਾ ਵਿੱਚ ਬਾਲ ਮਾਨਸਿਕਤਾ ਦਾ ਭਰਪੂਰ ਵਿਸ਼ਲੇਸ਼ਣ ਵੀ ਮਿਲਦਾ ਹੈ।

ਵਿੱਛੜੇ ਸ਼ਾਇਰ ਦੀ ਯਾਦ ਵਿੱਚ ਦਿੱਤਾ ਜਾਣ ਵਾਲਾ ਅਨਿਲ ਆਦਮ ਸਿਮਰਤੀ ਪੁਰਸਕਾਰ ਨੌਜਵਾਨ ਸ਼ਾਇਰ ਰਾਜਿੰਦਰ ਨੂੰ ਉਸਦੀ ਸਾਲ 2025 ਵਿੱਚ ਛਪੀ ਪੁਸਤਕ "ਉਹ ਦਿਨ ਵੀ ਆਉਣਗੇ "ਨੂੰ ਪ੍ਰਦਾਨ ਕੀਤਾ ਗਿਆ। ਪੁਸਤਕ ਬਾਰੇ ਕੁਲਵਿੰਦਰ ਬੱਛੋਆਣਾ ਦਾ ਪਰਚਾ ਉਸਦੀ ਗ਼ੈਰ ਹਾਜ਼ਰੀ ਵਿੱਚ ਪੜ੍ਹਦਿਆਂ ਪ੍ਰੋ. ਕੁਲਦੀਪ ਨੇ ਕਿਹਾ ਕਿ' ਉਹ ਦਿਨ ਵੀ ਆਉਣਗੇ' ਦੀਆਂ ਕਵਿਤਾਵਾਂ ਹਨੇਰ ਨਾਲ਼ ਭਰੇ ਬ੍ਰਹਿਮੰਡ ਵਿੱਚ ਦੀਵੇ ਵਾਂਗ ਹਨ। ਇਹ ਬੇਸ਼ੱਕ ਪੂਰੀ ਮਨੁੱਖਤਾ ਨੂੰ ਚਾਨਣ ਵੰਡਣ ਦੀ ਤਾਕਤ ਨਹੀਂ ਰੱਖਦੀਆਂ, ਪਰ ਇਸ ਵਿਸ਼ਵਾਸ ਬਣਾਈ ਰੱਖਦੀਆਂ ਹਨ ਕਿ ਚਾਨਣ ਬੇਸ਼ੱਕ ਥੋੜ੍ਹਾ ਹੈ, ਪਰ ਜਿਉਂਦਾ ਹੈ। ਅੱਜ ਭਾਵੇਂ ਇਨਸਾਨੀਅਤ ਦੇ ਦੁਸ਼ਮਣਾਂ ਦਾ ਜੁੱਗ ਹੈ ਪਰ ਕਵੀ ਨੂੰ ਪੱਕਾ ਯਕੀਨ ਹੈ ਕਿ...

ਉਹ ਦਿਨ ਵੀ ਆਉਣਗੇ
ਜਦੋਂ ਡੂਢ ਕੁਇੰਟਲ ਪਿੱਛੇ ਕੀਲਾ ਵੱਢਣ ਵਾਲੇ
ਸਾਡੇ ਅੱਟਣਾਂ ਭਰੇ ਹੱਥ
ਮੌਸਮਾਂ ਦੀ ਰੰਗੀਨੀ ਦੀ ਹਿੱਕ 'ਤੇ ਤੈਰਨਗੇ।

ਇਸ ਸਨਮਾਨ ਵਿੱਚ ਸਨਮਾਨ ਨਿਸ਼ਾਨੀ, ਮਾਣ ਪੱਤਰ, ਫੁੱਲਕਾਰੀ ਅਤੇ 5100/- ਦੀ ਨਕਦ ਰਾਸ਼ੀ ਸ਼ਾਮਲ ਹੈ।

ਸਮਾਗਮ ਦੇ ਅਗਲੇ ਪੜ੍ਹਾਅ ਵਿੱਚ ਫ਼ਿਰੋਜ਼ਪੁਰ ਦੇ ਨੌਜਵਾਨ ਸ਼ਾਇਰ ਸ਼ੈਲੀ ਸਰੋਏ ਦੀ ਪਲੇਠੀ ਕਿਤਾਬ "ਇਹ ਕਿਹੋ ਜਿਹੇ ਅਹਿਸਾਸ ਨੇ " ਲੋਕ ਅਰਪਣ ਕਰਨ ਦੀ ਰਸਮ ਪ੍ਰਧਾਨਗੀ ਮੰਡਲ ਅਤੇ ਫ਼ਿਰੋਜ਼ਪੁਰ ਦੇ ਲੇਖਕਾਂ ਨੇ ਰਲ ਮਿਲ ਕੇ ਅਦਾ ਕੀਤੀ।

ਸਮਾਗਮ ਦੇ ਅਗਲੇ ਪੜ੍ਹਾਅ ਵਿੱਚ ਸੁਖਦੀਪ ਔਜਲਾ, ਰੂਹੀ ਸਿੰਘ, ਤਲਵਿੰਦਰ ਸ਼ੇਰਗਿੱਲ, ਵਾਹਿਦ, ਅਜੀਤਪਾਲ ਜਟਾਣਾ, ਗੁਰਮੀਤ ਕੜਿਆਲਵੀ, ਸੱਤਪਾਲ ਭੀਖੀ, ਸੁਖਵਿੰਦਰ ਜੋਸ਼, ਮਨਜੀਤ ਪੁਰੀ, ਨੀਤੂ



ਅਤੇ ਜਗਵਿੰਦਰ ਜੋਧਾ ਦੀਆਂ ਗ਼ਜ਼ਲਾਂ ਕਵਿਤਾਵਾਂ ਨੇ ਫ਼ਿਰੋਜ਼ਪੁਰ ਦੀ ਸਮੁੱਚੀ ਫ਼ਿਜ਼ਾ ਨੂੰ ਹੀ ਕਾਵਿਕ ਕਰ ਦਿੱਤਾ। ਅੰਜੁਮ ਸ਼ਰਮਾ, ਪ੍ਰੋ. ਸੁਰਜੀਤ ਜੱਜ ਅਤੇ ਪ੍ਰੋ. ਅਤੈ ਸਿੰਘ ਨੇ ਆਪਣੇ ਸੰਬੋਧਨ ਵਿੱਚ ਜਿੱਥੇ ਅਨਿਲ ਆਦਮ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ ਉੱਥੇ ਕਲਾਪੀਠ ਅਤੇ ਸਹਿਯੋਗੀ ਸੰਸਥਾਵਾਂ ਦੇ ਉਪਰਾਲਿਆਂ ਦੀ ਖੁੱਲ੍ਹੇ ਮਨ ਨਾਲ ਸ਼ਲਾਘਾ ਕੀਤੀ ਕਿ ਇਸ ਸੰਸਥਾ ਨੇ ਫ਼ਿਰੋਜ਼ਪੁਰ ਵਰਗੇ ਸਰਹੱਦੀ ਸਾਹਿਤ ਸਰਗਰਮੀਆਂ ਨੂੰ ਨਿਰੰਤਰ ਜਾਰੀ ਰੱਖਿਆ ਹੋਇਆ ਹੈ। ਹਰਮੀਤ ਵਿਦਿਆਰਥੀ ਨੇ ਸਭ ਸ਼ਾਇਰਾਂ, ਬੁੱਧੀਜੀਵੀਆਂ, ਸਰੋਤਿਆਂ ਅਤੇ ਕਾਲਜ ਪ੍ਰਬੰਧਕ ਕਮੇਟੀ ਦਾ ਧੰਨਵਾਦ ਕੀਤਾ।ਇਸ ਮੌਕੇ ਤੇ 'ਪੰਜ ਦਰਿਆ ਕਿਤਾਬ ਘਰ ਮੁਕਤਸਰ ' ਵੱਲੋਂ ਕਿਤਾਬਾਂ ਦੀ ਪ੍ਰਦਸ਼ਨੀ ਵੀ ਲਾਈ ਗਈ।

ਤਕਰੀਬਨ ਤਿੰਨ ਘੰਟੇ ਚੱਲੇ ਇਸ ਸਮਾਗਮ ਵਿੱਚ ਡਾ. ਸਤਿੰਦਰ ਸਿੰਘ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ, ਡਾ. ਜਗਦੀਪ ਸਿੰਘ ਸੰਧੂ ਜ਼ਿਲ੍ਹਾ ਭਾਸ਼ਾ ਅਫ਼ਸਰ, ਲਾਲ ਸਿੰਘ ਸੁਲਹਾਣੀ, ਓਮ ਪ੍ਰਕਾਸ਼ ਸਰੋਏ, ਕਮਲ ਸ਼ਰਮਾ,ਸੰਦੀਪ ਚੌਧਰੀ, ਲਾਜਵੰਤ ਵਿਰਕ, ਸਰਬਜੀਤ ਸਿੰਘ ਭਾਵੜਾ, ਗੁਰਦਿਆਲ ਸਿੰਘ ਵਿਰਕ, ਬਲਵਿੰਦਰ ਪਨੇਸਰ,ਰਾਜੀਵ ਖ਼ਿਆਲ, ਦੀਪਕ ਜੋਸ਼ੀ, ਸੁਖਦੇਵ ਭੱਟੀ, ਮੁਸੱਵਿਰ ਫ਼ਿਰੋਜ਼ਪੁਰੀ, ਰਾਕੇਸ਼ ਪਾਲ, ਕਮਲ ਸ਼ਰਮਾ, ਰਵੀਇੰਦਰ ਸਿੰਘ, ਸੁਰਿੰਦਰ ਕੰਬੋਜ ,ਹਰੀਸ਼ ਸ਼ਰਮਾ, ਸਾਨਿਧਯ ਪ੍ਰਭਾਕਰ,ਪ੍ਰੋ. ਨਿਸ਼ਾਨ, ਲਖਬੀਰ ਸਿੰਘ ਗਿੱਲ,ਸੰਤੋਖ ਸਿੰਘ ਐਸ ਡੀ ਓ,ਵਰਿੰਦਰ ਔਲਖ, ਲਾਜ਼ਮੀ ਗਿੱਲ, ਅਨਵਰ ਸਿੰਘ, ਹਰਵਿੰਦਰ ਘਈ, ਉੱਘੇ ਅਦਾਕਾਰ ਹਰਿੰਦਰ ਭੁੱਲਰ, ਸੁਨੀਲ ਕਟਾਰੀਆ,ਪ੍ਰੋ. ਲਕਸ਼ਮਿੰਦਰ, ਗੀਤ ਆਰਟਸ ਵਾਲਾ ਸੁਖਜੀਵਨ,ਕਿਸਾਨ ਆਗੂ ਅਵਤਾਰ ਸਿੰਘ ਮਹਿਮਾ,ਪ੍ਰੋ. ਗੁਰਪ੍ਰੀਤ ਕੌਰ, ਅਮ੍ਰਿਤਪਾਲ ਬਰਾੜ, ਵਿਨੋਦ ਗਰਗ, ਪਾਰਸ ਖੁੱਲਰ, ਹਸਨ, ਗੁਰਮੀਤ ਸਿੰਘ,ਰਾਜਨ ਨਰੂਲਾ, ਲਖਵਿੰਦਰ ਸਿੰਘ ਹਾਂਡਾ, ਅੰਗਰੇਜ਼ ਸਿੰਘ, ਸਵਰਨ ਸਿੰਘ, ਕਾਲਜ ਦਾ ਸਮੁੱਚਾ ਪੰਜਾਬੀ ਵਿਭਾਗ ਅਤੇ ਜਗਦੀਪ ਘਈ ਸਮੇਤ ਵੱਡੀ ਗਿਣਤੀ ਵਿੱਚ ਸਰੋਤੇ ਸ਼ਾਮਿਲ ਹੋਏ।

## ਜਿੰਨਾਂ ਲੋਕਾਂ ਨੇ ਐਨਟੀਨੇ ਵਾਲੇ ਟੈਲੀਵਿਜ਼ਨ 'ਤੇ ਪਾਕਿਸਤਾਨ ਦੇ ਡਰਾਮੇ ਵੇਖੇ ਨੇ



ਜਿੰਨਾਂ ਲੋਕਾਂ ਨੇ ਐਨਟੀਨੇ ਵਾਲੇ ਟੈਲੀਵਿਜਨ 'ਤੇ ਪਾਕਿਸਤਾਨ ਦੇ ਡਰਾਮੇ ਵੇਖੇ ਨੇ, ਉਨ੍ਹਾਂ ਨੇ ਪੀ ਟੀ ਵੀ ਤੋਂ ਹਫ਼ਤੇ ਬਾਅਦ ਨਸ਼ਰ ਹੁੰਦਾ ਡਰਾਮਾ "ਸੋਨਾ ਚਾਂਦੀ" ਵੀ ਜ਼ਰੂਰ ਵੇਖਿਆ ਹੋਵੇਗਾ। ਅੱਜ ਇਸ ਡਰਾਮੇ ਨੂੰ ਯੂਟਿਊਬ 'ਤੇ ਵੀ ਵੇਖਿਆ ਜਾ ਸਕਦਾ ਹੈ।
ਹੁਣ ਪਾਕਿਸਤਾਨ ਟੀਵੀ ਤੇ ਫਿਲਮ ਇੰਡਸਟਰੀ ਦੇ ਮਸ਼ਹੂਰ ਤੇ ਮਾਰੂਫ਼ ਅਦਾਕਾਰ ਨੁਮਾਨ ਇਜਾਜ਼ ਨੇ ਆਪਣੇ ਟੀ ਵੀ ਸ਼ੋਅ "ਜੀ ਸਰਕਾਰ" ਵਿੱਚ "ਸੋਨਾ ਚਾਂਦੀ" ਦੇ ਮੁੱਖ ਕਲਾਕਾਰਾਂ ਹਾਮਿਦ ਰਾਣਾ (ਸੋਨਾ) ਅਤੇ Sheeba (ਚਾਂਦੀ)ਦਾ ਬੜਾ ਪਿਆਰਾ ਇੰਟਰਵਿਊ ਕੀਤਾ ਹੈ।

ਇਸ ਇੰਟਰਵਿਊ ਵਿੱਚ ਉਨ੍ਹਾਂ ਨੇ ਹਾਮਿਦ ਰਾਣਾ ਨੂੰ ਸਵਾਲ ਕੀਤਾ ਕਿ 'ਕੀ ਕਲਾਕਾਰਾਂ ਨੂੰ ਸਿਆਸਤ ਵਿੱਚ ਆਉਣਾ ਚਾਹੀਦਾ ਹੈ ?'ਜਿਸਦਾ ਜਵਾਬ ਦਿੰਦਿਆਂ ਹੋਇਆਂ ਹਾਮਿਦ ਰਾਣਾ ਅਤੇ Sheeba ਨੇ ਆਪਣੇ ਕੰਨਾਂ ਨੂੰ ਹੱਥ ਲਾਉਂਦੇ ਹੋਏ ਆਖਿਆ ਕਿ 'ਕਦੇ ਵੀ ਨਹੀਂ ਆਉਣਾ ਚਾਹੀਦਾ। ਕਿਉਂਕਿ ਕਲਾਕਾਰ ਦਾ ਕੰਮ ਵਿਆਹ ਵਿੱਚ ਵਾਜਾ ਵਜਾਉਣ ਵਾਲਿਆਂ ਵਰਗਾ ਹੁੰਦਾ ਹੈ। ਵਾਜਾ ਵਜਾਉਣ ਵਾਲਾ ਇਹ ਨਹੀਂ ਵੇਖਦਾ ਕਿ ਘੋੜੀ 'ਤੇ ਸਿਹਰਾ ਲਗਾ ਕੇ ਬੈਠਾ ਲਾੜਾ ਕੌਣ ਹੈ। ਉਸਨੇ ਸਿਰਫ ਵਾਜਾ ਵਜਾਉਣਾ ਹੁੰਦਾ ਹੈ ਘੋੜੀ 'ਤੇ ਭਾਂਵੇ ਕੋਈ ਵੀ ਬੈਠਾ ਹੋਵੇ।'
ਇਸ ਇੰਟਰਵਿਊ ਵਿੱਚ ਹਾਮਿਦ ਰਾਣਾ ਨੇ ਆਪਣੇ ਸੰਘਰਸ਼ ਦੇ ਸਮੇਂ ਦੀ ਗੱਲ ਕਰਦਿਆਂ ਹੋਇਆਂ ਕਿਹਾ ਕਿ ਉਹ ਇੱਕ ਢਾਬੇ ਤੋਂ ਰੋਟੀ ਖਾਇਆ ਕਰਦੇ ਸਨ । ਉਹ ਢਾਬਾ ਇੱਕ ਔਰਤ ਤੇ ਉਸਦਾ ਖਾਵੰਦ ਚਲਾਉਂਦੇ ਹੁੰਦੇ ਸਨ। ਇੱਕ ਦਿਨ ਮੈਂ ਰੋਟੀ ਤਾਂ ਖਾ ਲਈ ਪਰ ਮੇਰੇ ਕੋਲ ਢਾਬੇ ਵਾਲੀ ਬੀਬੀ ਨੂੰ ਦੇਣ ਲਈ ਪੈਸੇ ਨਹੀਂ ਸਨ। ਮੈਂ
ਉਸ ਔਰਤ ਨੂੰ ਕਿਹਾ ਕਿ ਮੇਰੇ ਕੋਲ ਪੈਸੇ ਤਾਂ ਨਹੀਂ ਹਨ। ਤੁਹਾਨੂੰ ਪਤਾ ਹੈ ਕਿ ਮੈਂ ਕਲਾਕਾਰ ਬੰਦਾ ਹਾਂ, ਤੁਸੀਂ ਮੇਰੇ ਕੋਲੋਂ "ਮਾਹੀਆ" ਸੁਣ ਲਵੋ। ਜਦੋਂ ਮੈਂ ਉਸਨੂੰ "ਮਾਹੀਆ" ਸੁਣਾਇਆ ਤਾਂ ਉਹ ਔਰਤ ਬਹੁਤ ਖੁਸ਼ ਹੋਈ ਅਤੇ ਆਖਣ ਲੱਗੀ ਕਿ ਤੂੰ ਰੋਜ ਰੋਟੀ ਖਾ ਜਾਇਆ ਕਰ ਤੇ ਮਾਹੀਆ ਸੁਣਾ ਜਾਇਆ ਕਰ।'
ਹਾਮਿਦ ਰਾਣਾ ਨੇ ਦੱਸਿਆ ਕਿ 'ਫੇਰ ਜਦੋਂ ਪ੍ਰਸਿੱਧੀ ਦਾ ਦੌਰ ਆਇਆ ਤਾਂ ਮੈਂ ਇੱਕ ਦਿਨ ਉਸ ਔਰਤ ਨੂੰ ਉਸਦੇ ਢਾਬੇ 'ਤੇ ਜਾ ਕੇ "ਮਾਹੀਆ' ਸੁਣਾ ਕੇ ਆਇਆ। ਉੱਥੇ ਆਲੇ ਦੁਆਲੇ ਐਨਾਂ ਰਸ਼ ਹੋ ਗਿਆ ਕਿ ਮੈਨੂੰ ਉੱਥੋਂ ਪੁਲਿਸ ਨੇ ਆ ਕੇ ਭੀੜ ਵਿੱਚੋਂ ਬਾਹਰ ਕੱਢਿਆ।'

## ਮਾਸਟਰ ਖੇਤੀ ਸਟੋਰ ਚੋਹਲਾ ਸਾਹਿਬ ਵਿਖੇ ਚੋਰਾਂ ਵੱਲੋਂ ਦਲੇਰਾਨਾ ਢੰਗ ਨਾਲ ਕੀਤੀ ਚੋਰੀ

### 50 ਲੀਟਰ ਡੀਜ਼ਲ ਅਤੇ ਨਗਦੀ ਲੈਕੇ ਫਰਾਰ



ਚੋਹਲਾ ਸਾਹਿਬ 29 ਮਾਰਚ (ਸਨਦੀਪ ਸਿੱਧੂ ,ਪਰਮਿੰਦਰ ਚੋਹਲਾ) ਆਏ ਦਿਨ ਹੋ ਰਹੀਆਂ ਚੋਰੀਆਂ ਅਤੇ ਲੁੱਟਾਂ ਖੋਹਾਂ ਤੋਂ ਇਲਾਕਾ ਨਿਵਾਸੀ ਪ੍ਰੇਸ਼ਾਨ ਹਨ ਇਸਦੀ ਤਾਜਾ ਮਿਸਾਲ ਬੀਤੀ ਰਾਤ ਮਾਸਟਰ ਖੇਤੀ ਸਟੋਰ ਚੋਹਲਾ ਸਾਹਿਬ ਵਿਖੇ ਚੋਰਾਂ ਵੱਲੋਂ ਬੜੇ ਦਲੇਰਾਨਾ ਢੰਗ ਨਾਲ ਕੀਤੀ ਚੋਰੀ ਤੋਂ ਮਿਲਦੀ ਹੈ।ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਮਾਸਟਰ ਖੇਤੀ ਸਟੋਰ ਚੋਹਲਾ ਸਾਹਿਬ ਦੇ ਮਾਲਕ ਮਾਸਟਰ ਦਲਬੀਰ ਸਿੰਘ ਚੰਬਾ ਨੇ ਪੱਤਰਕਾਰਾਂ ਨੂੰ ਦਿੰਦੇ ਹੋਏ ਦੱਸਿਆ ਕਿ ਰੋਜ਼ਾਨਾ ਦੀ ਤਰ੍ਹਾਂ ਉਹ ਆਪਣੀ ਦੁਕਾਨ ਨੂੰ ਜਿੰਦਰਾ ਲਗਾਕੇ ਆਪਣੇ ਘਰ ਚਲੇ ਗਏ ਅਤੇ ਜਦ ਸਵੇਰ ਦੇ ਸਮੇਂ ਆਕੇ ਦੁਕਾਨ ਖੋਲਣ ਲੱਗੇ ਤਾਂ ਵੇਖਿਆ ਉਹਨਾਂ ਦੀ ਦੁਕਾਨ ਦੇ ਸ਼ਟਰ ਦਾ ਤਾਲਾ ਪਹਿਲਾਂ ਹੀ ਟੁੱਟਾ ਪਿਆ ਸੀ ਜਦ ਉਹਨਾਂ ਅੰਦਰ ਜਾਕੇ ਵੇਖਿਆ ਤਾਂ ਅੰਦਰ ਸਮਾਨ ਖਿੱਲਰਿਆ ਪਿਆ ਸੀ ਅਤੇ ਦੁਕਾਨ ਵਿੱਚੋਂ 50 ਲੀਟਰ ਡੀਜ਼ਲ,ਇੱਕ ਐਲਸੀਡੀ ਅਤੇ ਗੱਲੇ ਵਿੱਚੋਂ ਨਗਦੀ ਚੋਰਾਂ ਵੱਲੋਂ ਚੋਰੀ ਕਰ ਲਈ ਗਈ ਸੀ।ਉਹਨਾਂ ਦੰਸਿਆ ਕਿ ਉਹਨਾਂ ਵੱਲੋਂ ਲਿਖਤੀ ਰੂਪ ਵਿੱਚ ਇੱਕ ਦਰਖਾਸਤ ਪੁਲਿਸ ਥਾਣਾ ਚੋਹਲਾ ਸਾਹਿਬ ਵਿਖੇ ਦੇ ਦਿੱਤੀ।ਇਸ ਸਮੇਂ ਪੁਲਿਸ ਅਧਿਕਾਰੀ ਨਾਲ ਗਲਬਾਤ ਕਰਨ ਤੇ ਉਹਨਾਂ ਦੱਸਿਆ ਕਿ ਉਹਨਾਂ ਵੱਲੋਂ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾ ਰਹੀ ਹੈ ਅਤੇ ਕੈਮਰਿਆਂ ਰਾਹੀਂ ਪਤਾ ਲਗਾਇਆ ਜਾ ਰਿਹਾ ਹੈ।

Cee7News ਵਿੱਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ
9463661542, cee7news@gmail.com



# ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਬੰਗਾ ਵਿਖੇ ਕਾਮਨ ਸਰਵਿਸ ਸੈਂਟਰਾਂ ਦਾ ਦੌਰਾ ਕੀਤਾ

## 'ਮੁੱਖ ਮੰਤਰੀ ਸਿਹਤ ਯੋਜਨਾ' ਤਹਿਤ ਸਿਹਤ ਕਾਰਡ ਬਣਾਉਣ ਦੀ ਪ੍ਰਗਤੀ ਦੀ ਸਮੀਖਿਆ ਕੀਤੀ

ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਐਤਵਾਰ ਨੂੰ ਬੰਗਾ ਵਿਖੇ ਕਾਮਨ ਸਰਵਿਸ ਸੈਂਟਰਾਂ ਦਾ ਦੌਰਾ ਕੀਤਾ ਅਤੇ 'ਮੁੱਖ ਮੰਤਰੀ ਸਿਹਤ ਯੋਜਨਾ' ਤਹਿਤ ਸਿਹਤ ਕਾਰਡ ਬਣਾਉਣ ਦੀ ਪ੍ਰਗਤੀ ਦੀ ਸਮੀਖਿਆ ਕੀਤੀ। ਉਨ੍ਹਾਂ ਇਸ ਯੋਜਨਾ ਨੂੰ ਪੰਜਾਬੀਆਂ ਲਈ ਵਰਦਾਨ ਦੱਸਿਆ। ਇਸ ਮੌਕੇ ਉਨ੍ਹਾਂ ਆਮ ਲੋਕਾਂ ਨਾਲ ਗੱਲਬਾਤ ਵੀ ਕੀਤੀ ਅਤੇ ਉਨ੍ਹਾਂ ਨੂੰ ਅਪੀਲ ਕੀਤੀ ਕਿ ਉਹ ਬਿਮਾਰੀ ਦੀ ਉਡੀਕ ਨਾ ਕਰਨ ਬਲਕਿ ਪਹਿਲਾਂ ਹੀ ਆਪਣਾ ਸਿਹਤ ਕਾਰਡ ਬਣਵਾ ਲੈਣ।

ਡਾ. ਬਲਬੀਰ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸ਼ੁਰੂ ਕੀਤੀ ਗਈ ਇਹ ਯੋਜਨਾ ਲੋਕਾਂ ਲਈ ਬਹੁਤ ਲਾਭਦਾਇਕ ਹੈ। ਇਸ ਯੋਜਨਾ ਤਹਿਤ ਹਰ ਪਰਿਵਾਰ ਨੂੰ ਸਾਲਾਨਾ 10 ਲੱਖ ਰੁਪਏ ਤੱਕ ਦਾ ਨਕਦੀ ਰਹਿਤ ਇਲਾਜ ਮੁਫ਼ਤ ਮਿਲਦਾ ਹੈ। ਲਾਭਪਾਤਰੀ ਇਸ ਰਕਮ ਤੱਕ ਸਰਕਾਰੀ ਤੇ ਨਿੱਜੀ ਹਸਪਤਾਲਾਂ ਵਿਚ ਇਲਾਜ ਕਰਵਾ ਸਕਦੇ ਹਨ। ਉਨ੍ਹਾਂ ਸਿਹਤ ਵਿਭਾਗ ਅਤੇ ਹੋਰ ਸਬੰਧਤ ਵਿਭਾਗਾਂ ਨੂੰ ਬਿਹਤਰ ਤਾਲਮੇਲ ਨਾਲ ਕੰਮ ਕਰਨ ਦੀ ਹਦਾਇਤ ਕੀਤੀ ਤਾਂ ਜੋ ਯੋਜਨਾ ਨੂੰ ਪ੍ਰਭਾਵੀ ਢੰਗ ਨਾਲ ਲਾਗੂ ਕੀਤਾ ਜਾ ਸਕੇ ਅਤੇ ਹਰ ਯੋਗ ਵਿਅਕਤੀ ਤੱਕ ਲਾਭ ਪਹੁੰਚਾਇਆ ਜਾ ਸਕੇ।

ਬੰਗਾ ਵਿਚ ਲੋਕਾਂ ਨਾਲ ਗੱਲ ਕਰਦਿਆਂ ਸਿਹਤ ਮੰਤਰੀ ਨੇ ਦੱਸਿਆ ਕਿ ਇਹ ਯੋਜਨਾ ਪੰਜਾਬ ਵਾਸੀਆਂ ਲਈ ਇੱਕ ਵਰਦਾਨ ਵਾਂਗ ਸਾਬਤ ਹੋ ਰਹੀ ਹੈ। ਇਸ ਤਹਿਤ ਲੋਕ ਆਪਣੀ ਬਿਮਾਰੀ ਦਾ ਇਲਾਜ ਬਿਨਾਂ ਖਰਚੇ ਕਰਵਾ ਸਕਦੇ ਹਨ। ਉਨ੍ਹਾਂ ਲੋਕਾਂ ਨੂੰ ਇਸ ਲਾਭ ਲੈਣ ਲਈ ਨਜਦੀਕੀ ਕਾਮਨ ਸਰਵਿਸ ਸੈਂਟਰ ਜਾਂ ਖਾਸ ਕੈਂਪਾਂ ਵਿਚ ਜਾ ਕੇ ਸਿਹਤ ਕਾਰਡ ਬਣਵਾਉਣ ਦੀ ਤਾਕੀਦ ਕੀਤੀ। ਉਨ੍ਹਾਂ ਕਿਹਾ ਕਿ ਸਿਹਤ ਕਾਰਡ ਬਣਾਉਣਾ ਬਹੁਤ ਆਸਾਨ ਹੈ ਅਤੇ ਇਸ ਨਾਲ ਭਵਿੱਖ ਵਿਚ ਕੋਈ ਵੀ ਬੀਮਾਰੀ ਆਉਣ ਤੇ ਤੁਰੰਤ ਇਲਾਜ ਸ਼ੁਰੂ ਹੋ ਸਕਦਾ ਹੈ।

ਇਸ ਯੋਜਨਾ ਦਾ ਉਦੇਸ਼ ਹੈ ਕਿ ਗਰੀਬ ਤੇ ਆਮ ਲੋਕਾਂ ਨੂੰ ਮਹਿੰਗੇ ਇਲਾਜ ਤੋਂ ਰਾਹਤ ਮਿਲੇ। ਪਹਿਲਾਂ ਲੋਕ ਛੋਟੀ ਛੋਟੀ ਬੀਮਾਰੀ ਲਈ ਵੀ ਵੱਡੀ ਰਕਮ ਖਰਚ ਕਰਦੇ ਸਨ ਪਰ ਹੁਣ ਇਸ ਯੋਜਨਾ ਨਾਲ ਉਨ੍ਹਾਂ ਦਾ ਆਰਥਿਕ ਬੋਝ ਘਟਿਆ ਹੈ। ਡਾ. ਬਲਬੀਰ ਸਿੰਘ ਨੇ ਸਿਹਤ ਵਿਭਾਗ ਦੇ ਅਧਿਕਾਰੀਆਂ ਨੂੰ ਯੋਜਨਾ ਦੀ ਜਾਗਰੂਕਤਾ ਵਧਾਉਣ ਲਈ ਵੀ ਕਿਹਾ। ਉਨ੍ਹਾਂ ਕਿਹਾ ਕਿ ਜਿਨ੍ਹਾਂ ਲੋਕਾਂ ਨੇ ਅਜੇ ਤੱਕ ਸਿਹਤ ਕਾਰਡ ਨਹੀਂ ਬਣਵਾਇਆ ਉਹ ਤੁਰੰਤ ਬਣਵਾਉਣ ਤਾਂ ਜੋ ਉਨ੍ਹਾਂ ਨੂੰ ਇਸ ਲਾਭ ਤੋਂ ਵਾਂਝਾ ਨਾ ਰਹਿਣਾ ਪਵੇ।

ਇਸ ਦੌਰੇ ਦੌਰਾਨ ਸਿਵਲ ਸਰਜਨ ਡਾ. ਗੁਰਿੰਦਰਜੀਤ ਸਿੰਘ, ਡਿਪਟੀ ਮੈਡੀਕਲ ਕਮਿਸ਼ਨਰ ਡਾ. ਹਰਪ੍ਰੀਤ ਸਿੰਘ, ਜ਼ਿਲ੍ਹਾ ਹਸਪਤਾਲ ਨਵਾਂਸ਼ਹਿਰ ਦੇ ਸੀਨੀਅਰ ਮੈਡੀਕਲ ਅਫਸਰ ਡਾ. ਸਤਵਿੰਦਰਪਾਲ ਸਿੰਘ ਅਤੇ ਡਾ. ਜਸਵਿੰਦਰ ਸਿੰਘ ਸਮੇਤ ਸਿਹਤ ਵਿਭਾਗ ਦੇ ਹੋਰ ਅਧਿਕਾਰੀ ਤੇ ਕਰਮਚਾਰੀ ਵੀ ਮੌਜੂਦ ਸਨ। ਉਨ੍ਹਾਂ ਨੇ ਮੰਤਰੀ ਨੂੰ ਯੋਜਨਾ ਤਹਿਤ ਹੋ ਰਹੀਆਂ ਗਤੀਵਿਧੀਆਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ।

ਸਿਹਤ ਮੰਤਰੀ ਨੇ ਇਸ ਮੌਕੇ ਤੇ ਲੋਕਾਂ ਨੂੰ ਇਹ ਵੀ ਦੱਸਿਆ ਕਿ ਇਸ ਯੋਜਨਾ ਵਿਚ ਕਈ ਤਰ੍ਹਾਂ ਦੀਆਂ ਬੀਮਾਰੀਆਂ ਜਿਵੇਂ ਕੈਂਸਰ, ਹਾਰਟ, ਕਿਡਨੀ ਤੇ ਹੋਰ ਗੰਭੀਰ ਰੋਗਾਂ ਦਾ ਇਲਾਜ ਸ਼ਾਮਲ ਹੈ। ਇਸ ਤੋਂ ਇਲਾਵਾ ਆਮ ਓਪਰੇਸ਼ਨ ਤੋਂ ਲੈ ਕੇ ਐਮਰਜੈਂਸੀ ਇਲਾਜ ਵੀ ਇਸ ਯੋਜਨਾ ਤਹਿਤ ਮੁਫ਼ਤ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਲੋਕਾਂ ਦੀ ਸਿਹਤ ਨੂੰ ਬਹੁਤ ਗੰਭੀਰਤਾ ਨਾਲ ਲੈ ਰਹੀ ਹੈ ਅਤੇ ਇਸ ਯੋਜਨਾ ਰਾਹੀਂ ਹਰ ਵਰਗ ਦੇ ਲੋਕਾਂ ਤੱਕ ਚੰਗੀ ਸਿਹਤ ਸੇਵਾਵਾਂ ਪਹੁੰਚਾਈਆਂ ਜਾ ਰਹੀਆਂ ਹਨ।

ਡਾ. ਬਲਬੀਰ ਸਿੰਘ ਨੇ ਇਹ ਵੀ ਉਜਾਗਰ ਕੀਤਾ ਕਿ ਯੋਜਨਾ ਨੂੰ ਲਾਗੂ ਕਰਨ ਲਈ ਸਰਕਾਰ ਨੇ ਵੱਡੀ ਰਕਮ ਖਰਚ ਕੀਤੀ ਹੈ। ਇਸ ਲਈ ਲੋਕਾਂ ਨੂੰ ਇਸ ਦਾ ਲਾਭ ਲੈਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਨੂੰ ਸਿਹਤ ਕਾਰਡ ਬਣਾਉਣ ਵਿਚ ਕੋਈ ਮੁਸ਼ਕਲ ਆਵੇ ਤਾਂ ਉਹ ਨਜਦੀਕੀ ਸੈਂਟਰ ਤੇ ਜਾ ਕੇ ਅਧਿਕਾਰੀਆਂ ਨਾਲ ਗੱਲ ਕਰ ਸਕਦਾ ਹੈ। ਸਭ ਕੁਝ ਆਨਲਾਈਨ ਤੇ ਆਫਲਾਈਨ ਢੰਗ ਨਾਲ ਆਸਾਨੀ ਨਾਲ ਹੋ ਰਿਹਾ ਹੈ।




# ਮੌਸਮ ਨੇ ਲਈ ਕਰਵਟ: ਪੰਜਾਬ, ਹਰਿਆਣਾ ਅਤੇ ਚੰਡੀਗੜ੍ਹ 'ਚ ਬੱਦਲਵਾਈ ਤੇ ਹਲਕੀ ਬਾਰਿਸ਼

ਉੱਤਰ ਭਾਰਤ ਵਿਚ ਅਚਾਨਕ ਮੌਸਮ ਬਦਲ ਗਿਆ ਹੈ। ਐਤਵਾਰ ਸਵੇਰ ਤੋਂ ਪੰਜਾਬ, ਹਰਿਆਣਾ, ਚੰਡੀਗੜ੍ਹ ਅਤੇ ਆਸ-ਪਾਸ ਦੇ ਇਲਾਕਿਆਂ ਵਿਚ ਬੱਦਲ ਛਾਏ ਹੋਏ ਹਨ ਅਤੇ ਹਲਕੀ ਬੂੰਦਾਬਾਂਦੀ ਵੀ ਸ਼ੁਰੂ ਹੋ ਚੁੱਕੀ ਹੈ। ਮੌਸਮ ਵਿਭਾਗ ਅਨੁਸਾਰ 28 ਮਾਰਚ ਤੋਂ ਸਰਗਰਮ ਹੋਏ ਵੈਸਟਰਨ ਡਿਸਟਰਬੈਂਸ ਕਾਰਨ ਦੱਖਣੀ ਪੰਜਾਬ ਉੱਤੇ ਸਾਈਕਲੋਨਿਕ ਸਰਕੂਲੇਸ਼ਨ ਬਣ ਗਿਆ ਹੈ। ਇਸ ਦੇ ਅਸਰ ਨਾਲ ਕਈ ਥਾਵਾਂ ਉੱਤੇ ਬਿਜਲੀ ਚਮਕਣ, ਗਰਜ ਚੱਲਣ ਅਤੇ ਤੇਜ਼ ਹਵਾਵਾਂ ਚੱਲਣ ਦੀ ਸੰਭਾਵਨਾ ਹੈ।

ਮੌਸਮ ਵਿਭਾਗ ਨੇ ਪੰਜਾਬ ਦੇ ਪਟਿਆਲਾ, ਮੋਹਾਲੀ ਅਤੇ ਫਤਿਹਗੜ੍ਹ ਸਾਹਿਬ ਜ਼ਿਲ੍ਹਿਆਂ ਵਿਚ ਤੇਜ਼ ਹਵਾਵਾਂ (30-40 ਕਿਲੋਮੀਟਰ ਪ੍ਰਤੀ ਘੰਟਾ) ਨਾਲ ਮੀਂਹ ਅਤੇ ਬਿਜਲੀ ਚਮਕਣ ਦਾ ਅਲਰਟ ਜਾਰੀ ਕੀਤਾ ਹੈ। ਇਸੇ ਤਰ੍ਹਾਂ ਹਰਿਆਣਾ ਦੇ ਕਰਨਾਲ, ਅੰਬਾਲਾ, ਕੁਰੂਕਸ਼ੇਤਰ ਅਤੇ ਜੀਂਦ ਵਿਚ ਵੀ ਇਹੀ ਹਾਲਾਤ ਰਹਿਣ ਦੀ ਉਮੀਦ ਹੈ। ਕਈ ਥਾਵਾਂ ਉੱਤੇ ਓਲਿਆਂ ਪੈਣ ਦੀ ਵੀ ਚਿਤਾਵਨੀ ਜਾਰੀ ਕੀਤੀ ਗਈ ਹੈ। ਇਸ ਨਾਲ ਤਾਪਮਾਨ ਵਿਚ ਵੀ ਗਿਰਾਵਟ ਆਉਣੀ ਸੰਭਵ ਹੈ ਅਤੇ ਲੋਕਾਂ ਨੂੰ ਸਾਵਧਾਨੀ ਵਰਤਣ ਲਈ ਕਿਹਾ ਗਿਆ ਹੈ।

ਪੰਜਾਬ ਅਤੇ ਹਰਿਆਣਾ ਵਿਚ ਇਸ ਵੈਸਟਰਨ ਡਿਸਟਰਬੈਂਸ ਦਾ ਅਸਰ 29 ਤੋਂ 31 ਮਾਰਚ ਤੱਕ ਰਹਿਣ ਦੀ ਉਮੀਦ ਹੈ। ਇਸ ਤੋਂ ਇਲਾਵਾ 30-31 ਮਾਰਚ ਨੂੰ ਇੱਕ ਹੋਰ ਵੈਸਟਰਨ ਡਿਸਟਰਬੈਂਸ ਸਰਗਰਮ ਹੋਣ ਵਾਲਾ ਹੈ, ਜਿਸ ਕਾਰਨ ਉੱਤਰ ਪ੍ਰਦੇਸ਼ ਦੇ ਵਾਰਾਣਸੀ ਸਮੇਤ ਕਈ ਇਲਾਕਿਆਂ ਵਿਚ ਵੀ ਬੱਦਲਵਾਈ ਅਤੇ ਮੀਂਹ ਪੈਣ ਦੀ ਸੰਭਾਵਨਾ ਹੈ। ਆਈਐੱਮਡੀ ਵਿਗਿਆਨੀ ਮਨੋਜ ਕੁਮਾਰ ਸ਼੍ਰੀਵਾਸਤਵ ਨੇ ਕਿਹਾ ਕਿ "ਇਸ ਸਮੇਂ ਮੌਸਮ ਬਦਲਣ ਦਾ ਸਮਾਂ ਹੈ... 30-31 ਮਾਰਚ ਨੂੰ ਵਾਰਾਣਸੀ ਉੱਤੇ ਇੱਕ ਹੋਰ ਵੈਸਟਰਨ ਡਿਸਟਰਬੈਂਸ ਦਾ ਅਸਰ ਪਵੇਗਾ, ਇਸ ਲਈ ਬੱਦਲਵਾਈ ਅਤੇ ਮੀਂਹ ਦੀ ਉਮੀਦ ਹੈ। ਉੱਤਰੀ ਉੱਤਰ ਪ੍ਰਦੇਸ਼ ਵਿਚ ਵੀ ਇਸੇ ਤਰ੍ਹਾਂ ਦੀ ਸਥਿਤੀ ਰਹਿਣ ਵਾਲੀ ਹੈ।"

ਹਿਮਾਚਲ ਪ੍ਰਦੇਸ਼ ਵਿਚ ਮਨਾਲੀ ਦੇ ਅਟਲ ਟਨਲ ਰੋਹਤਾਂਗ ਦੇ ਦੱਖਣੀ ਪੋਰਟਲ ਉੱਤੇ ਬਰਫਬਾਰੀ ਸ਼ੁਰੂ ਹੋ ਚੁੱਕੀ ਹੈ। ਜੰਮੂ-ਕਸ਼ਮੀਰ ਦੇ ਉੱਚ ਇਲਾਕਿਆਂ ਵਿਚ ਵੀ ਤਾਜ਼ਾ ਬਰਫਬਾਰੀ ਹੋ ਰਹੀ ਹੈ। ਬਾਂਦੀਪੁਰਾ ਜ਼ਿਲ੍ਹੇ ਦੇ ਗੁਰੇਜ਼ ਅਤੇ ਤੁਲਾਈਲ ਖੇਤਰਾਂ ਵਿਚ ਬਰਫਬਾਰੀ ਕਾਰਨ ਬਾਂਦੀਪੁਰਾ-ਗੁਰੇਜ਼ ਰੋਡ ਨੂੰ ਸੁਰੱਖਿਆ ਲਈ ਬੰਦ ਕਰ ਦਿੱਤਾ ਗਿਆ ਹੈ। ਡੋਡਾ ਵਿਚ ਵੀ ਕੁਝ ਇਲਾਕਿਆਂ ਵਿਚ ਮੀਂਹ ਪਿਆ ਹੈ।

ਲੁਧਿਆਣਾ ਵਰਗੀਆਂ ਥਾਵਾਂ ਉੱਤੇ ਲੋਕ ਮੀਂਹ ਵਿਚ ਆਪਣੀ ਰੋਜ਼ਾਨਾ ਜੀਵਨ ਚਲਾਉਂਦੇ ਨਜ਼ਰ ਆ ਰਹੇ ਹਨ। ਇਸ ਮੌਸਮੀ ਤਬਦੀਲੀ ਨਾਲ ਖੇਤੀਬਾੜੀ ਉੱਤੇ ਵੀ ਅਸਰ ਪੈ ਸਕਦਾ ਹੈ, ਖਾਸ ਕਰਕੇ ਫਸਲਾਂ ਉੱਤੇ ਓਲਿਆਂ ਜਾਂ ਤੇਜ਼ ਹਵਾਵਾਂ ਦਾ। ਲੋਕਾਂ ਨੂੰ ਸਲਾਹ ਦਿੱਤੀ ਗਈ ਹੈ ਕਿ ਤੇਜ਼ ਹਵਾਵਾਂ ਅਤੇ ਬਿਜਲੀ ਚਮਕਣ ਵਾਲੇ ਸਮੇਂ ਘਰਾਂ ਵਿਚ ਰਹਿਣ ਅਤੇ ਖੁਲ੍ਹੀਆਂ ਥਾਵਾਂ ਤੋਂ ਦੂਰ ਰਹਿਣ।

# ਪੰਜਾਬ 'ਚ ਕਾਨੂੰਨ ਵਿਵਸਥਾ ਡਾਵਾਂਡੋਲ: ਲਾਅ ਐਂਡ ਆਰਡਰ ਦੀ ਸਥਿਤੀ ਬਣੀ ਚਿੰਤਾ ਦਾ ਵਿਸ਼ਾ



ਪੰਜਾਬ ਵਿਚ ਵਰਤਮਾਨ ਵਿਚ ਲਾਅ ਐਂਡ ਆਰਡਰ ਦੀ ਸਥਿਤੀ ਬਹੁਤ ਖਰਾਬ ਹੋ ਚੁੱਕੀ ਹੈ। ਲੋਕਾਂ ਵਿਚ ਪੁਲਿਸ ਪ੍ਰਤੀ ਭਰੋਸਾ ਘਟਿਆ ਹੋਇਆ ਹੈ ਅਤੇ ਅਪਰਾਧੀ ਖੁਲ੍ਹੇਆਮ ਘੁੰਮ ਰਹੇ ਹਨ। ਇਸ ਮਸਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਕਾਂਗਰਸ ਪਾਰਟੀ ਨੇ ਵਾਅਦਾ ਕੀਤਾ ਹੈ ਕਿ ਜਿਵੇਂ ਹੀ ਪੰਜਾਬ ਵਿਚ ਕਾਂਗਰਸ ਸਰਕਾਰ ਬਣੇਗੀ, ਉਸ ਦੇ ਪਹਿਲੇ ਦਿਨਾਂ ਵਿਚ ਹੀ ਪੁਲਿਸ ਪ੍ਰਸ਼ਾਸਨ ਵਿਚ ਬੜੇ ਉੱਚ ਪੱਧਰੀ ਸੁਧਾਰ ਲਿਆਂਦੇ ਜਾਣਗੇ। ਇਸ ਨਾਲ ਨਾ ਸਿਰਫ਼ ਅਪਰਾਧ ਘਟਣਗੇ ਬਲਕਿ ਲੋਕਾਂ ਨੂੰ ਨਿਆਂ ਵੀ ਤੇਜ਼ੀ ਨਾਲ ਮਿਲੇਗਾ।

ਕਾਂਗਰਸ ਆਗੂਆਂ ਅਨੁਸਾਰ ਇਸ ਵੇਲੇ ਪੁਲਿਸ ਵਿਚ ਰਾਜਨੀਤੀਕ ਦਖਲਅੰਦਾਜ਼ੀ ਬਹੁਤ ਵਧ ਗਈ ਹੈ। ਬਹਾਦਰ ਅਤੇ ਈਮਾਨਦਾਰ ਅਫਸਰਾਂ ਨੂੰ ਤੰਗ ਕੀਤਾ ਜਾਂਦਾ ਹੈ ਜਦਕਿ ਉਨ੍ਹਾਂ ਨੂੰ ਰਾਜਨੀਤੀਕ ਲਾਭ ਲਈ ਵਰਤਿਆ ਜਾਂਦਾ ਹੈ। ਇਸ ਲਈ ਕਾਂਗਰਸ ਸਰਕਾਰ ਆਉਣ ਤੋਂ ਬਾਅਦ ਪੁਲਿਸ ਨੂੰ ਰਾਜਨੀਤੀ ਤੋਂ ਮੁਕਤ ਕਰਨ ਦਾ ਫੈਸਲਾ ਲਿਆ ਜਾਵੇਗਾ। ਪੁਲਿਸ ਅਫਸਰਾਂ ਨੂੰ ਉਨ੍ਹਾਂ ਦੀਆਂ ਯੋਗਤਾਵਾਂ ਅਤੇ ਈਮਾਨਦਾਰੀ ਦੇ ਆਧਾਰ ਤੇ ਤਰੱਕੀ ਦਿੱਤੀ ਜਾਵੇਗੀ। ਭ੍ਰਿਸ਼ਟ ਅਫਸਰਾਂ ਉੱਤੇ ਸਖ਼ਤ ਕਾਰਵਾਈ ਕੀਤੀ ਜਾਵੇਗੀ ਤਾਂ ਜੋ ਪੁਲਿਸ ਵਿਚ ਈਮਾਨਦਾਰੀ ਅਤੇ ਪੇਸ਼ੇਵਰਤਾ ਵਧੇ।

ਪੁਲਿਸ ਸੁਧਾਰ ਦੇ ਤਹਿਤ ਆਧੁਨਿਕ ਤਕਨੀਕੀ ਉਪਕਰਣਾਂ ਨੂੰ ਵਧਾਇਆ ਜਾਵੇਗਾ। ਸੀਸੀਟੀਵੀ ਕੈਮਰੇ, ਡਰੋਨ ਅਤੇ ਡਿਜੀਟਲ ਸਰਵੇਲੈਂਸ ਸਿਸਟਮ ਨੂੰ ਹੋਰ ਮਜ਼ਬੂਤ ਕੀਤਾ ਜਾਵੇਗਾ ਤਾਂ ਜੋ ਅਪਰਾਧੀਆਂ ਨੂੰ ਫੜਨਾ ਆਸਾਨ ਹੋਵੇ। ਥਾਣਿਆਂ ਵਿਚ ਲੋਕਾਂ ਨਾਲ ਵਿਵਹਾਰ ਨੂੰ ਬਦਲਿਆ ਜਾਵੇਗਾ। ਲੋਕਾਂ ਨੂੰ ਥਾਣੇ ਵਿਚ ਆ ਕੇ ਡਰ ਨਾ ਲੱਗੇ ਬਲਕਿ ਉਹ ਆਪਣੀਆਂ ਸ਼ਿਕਾਇਤਾਂ ਆਸਾਨੀ ਨਾਲ ਦਰਜ ਕਰਵਾ ਸਕਣ। ਇਸ ਲਈ ਪੁਲਿਸ ਅਫਸਰਾਂ ਲਈ ਟ੍ਰੇਨਿੰਗ ਪ੍ਰੋਗਰਾਮ ਚਲਾਏ ਜਾਣਗੇ ਜਿਨ੍ਹਾਂ ਵਿਚ ਲੋਕ-ਸੇਵਾ ਅਤੇ ਵਿਵਹਾਰਕ ਤਾਲੀਮ ਤੇ ਧਿਆਨ ਦਿੱਤਾ ਜਾਵੇਗਾ।

ਕਾਂਗਰਸ ਨੇ ਇਹ ਵੀ ਵਾਅਦਾ ਕੀਤਾ ਹੈ ਕਿ ਪੁਲਿਸ ਵਿਚ ਭਰਤੀ ਪ੍ਰਕਿਰਿਆ ਨੂੰ ਪਾਰਦਰਸ਼ੀ ਬਣਾਇਆ ਜਾਵੇਗਾ। ਰਿਸ਼ਵਤਖੋਰੀ ਅਤੇ ਸਿਫਾਰਸ਼ ਤੋਂ ਮੁਕਤ ਭਰਤੀ ਹੋਵੇਗੀ ਤਾਂ ਜੋ ਯੋਗ ਅਤੇ ਸਰੀਰਕ ਤੌਰ ਤੇ ਫਿੱਟ ਉਮੀਦਵਾਰ ਹੀ ਪੁਲਿਸ ਵਿਚ ਆ ਸਕਣ। ਇਸ ਤੋਂ ਇਲਾਵਾ ਪੁਲਿਸ ਵਾਲਿਆਂ ਦੀਆਂ ਤਨਖ਼ਾਹਾਂ ਅਤੇ ਤਰੱਕੀਆਂ ਵਿਚ ਵੀ ਸੁਧਾਰ ਲਿਆਂਦਾ ਜਾਵੇਗਾ ਤਾਂ ਜੋ ਉਹ ਆਪਣਾ ਕੰਮ ਖੁਸ਼ੀ ਨਾਲ ਅਤੇ ਲਗਨ ਨਾਲ ਕਰ ਸਕਣ। ਪੁਲਿਸ ਅਫਸਰਾਂ ਉੱਤੇ ਰਾਜਨੀਤੀਕ ਲੀਡਰਾਂ ਵੱਲੋਂ ਦਬਾਅ ਨਾ ਪਾਇਆ ਜਾਵੇ, ਇਸ ਲਈ ਸਖ਼ਤ ਨਿਯਮ ਬਣਾਏ ਜਾਣਗੇ।

ਪੰਜਾਬ ਵਿਚ ਅਪਰਾਧ ਵਧਣ ਦਾ ਇੱਕ ਵੱਡਾ ਕਾਰਨ ਡਰਗਜ਼ ਦਾ ਧੰਦਾ ਵੀ ਹੈ। ਕਾਂਗਰਸ ਸਰਕਾਰ ਆਉਣ ਤੋਂ ਬਾਅਦ ਡਰਗਜ਼ ਮਾਫੀਆ ਉੱਤੇ ਸਖ਼ਤ ਕਾਰਵਾਈ ਕੀਤੀ ਜਾਵੇਗੀ। ਪੁਲਿਸ ਨੂੰ ਵਿਸ਼ੇਸ਼ ਟੀਮਾਂ ਬਣਾ ਕੇ ਡਰਗਜ਼ ਤਸਕਰਾਂ ਨੂੰ ਫੜਨ ਲਈ ਤਾਇਨਾਤ ਕੀਤਾ ਜਾਵੇਗਾ। ਇਸ ਤੋਂ ਇਲਾਵਾ ਨੌਜਵਾਨਾਂ ਵਿਚ ਨਸ਼ਿਆਂ ਵਿਰੋਧੀ ਜਾਗਰੂਕਤਾ ਮੁਹਿੰਮ ਵੀ ਚਲਾਈ ਜਾਵੇਗੀ ਤਾਂ ਜੋ ਭਵਿੱਖ ਵਿਚ ਇਸ ਸਮੱਸਿਆ ਨੂੰ ਰੋਕਿਆ ਜਾ ਸਕੇ। ਪੁਲਿਸ ਸੁਧਾਰ ਵਿਚ ਔਰਤਾਂ ਅਤੇ ਬੱਚਿਆਂ ਵਿਰੋਧੀ ਅਪਰਾਧਾਂ ਉੱਤੇ ਵਿਸ਼ੇਸ਼ ਧਿਆਨ ਦਿੱਤਾ ਜਾਵੇਗਾ। ਔਰਤਾਂ ਲਈ ਵਿਸ਼ੇਸ਼ ਡੈਸਕ ਥਾਣਿਆਂ ਵਿਚ ਬਣਾਏ ਜਾਣਗੇ ਅਤੇ ਔਰਤ ਪੁਲਿਸ ਅਫਸਰਾਂ ਨੂੰ ਵਧਾਇਆ ਜਾਵੇਗਾ। ਬੱਚਿਆਂ ਨਾਲ ਜੁੜੀਆਂ ਘਟਨਾਵਾਂ ਵਿਚ ਤੁਰੰਤ ਕਾਰਵਾਈ ਯਕੀਨੀ ਬਣਾਈ ਜਾਵੇਗੀ। ਇਸ ਤੋਂ ਇਲਾਵਾ ਆਮ ਲੋਕਾਂ ਨਾਲ ਪੁਲਿਸ ਦਾ ਰਿਸ਼ਤਾ ਬਿਹਤਰ ਬਣਾਉਣ ਲਈ ਕਮਿਊਨਿਟੀ ਪੁਲਿਸਿੰਗ ਨੂੰ ਉਤਸ਼ਾਹਿਤ ਕੀਤਾ ਜਾਵੇਗਾ। ਲੋਕ ਅਤੇ ਪੁਲਿਸ ਵਿਚਾਲੇ ਭਰੋਸੇ ਦੀ ਇੱਕ ਨਵੀਂ ਲੀਹ ਬਣਾਈ ਜਾਵੇਗੀ।

ਕਾਂਗਰਸ ਆਗੂਆਂ ਦਾ ਕਹਿਣਾ ਹੈ ਕਿ ਪਿਛਲੀਆਂ ਕਾਂਗਰਸ ਸਰਕਾਰਾਂ ਵਿਚ ਵੀ ਪੁਲਿਸ ਸੁਧਾਰ ਲਈ ਬਹੁਤ ਕੰਮ ਕੀਤਾ ਗਿਆ ਸੀ। ਹੁਣ ਵੀ ਉਹੀ ਤਜਰਬਾ ਅਤੇ ਇਰਾਦਾ ਲੈ ਕੇ ਉਹ ਆਉਣ ਵਾਲੀ ਸਰਕਾਰ ਵਿਚ ਇਸ ਨੂੰ ਹੋਰ ਮਜ਼ਬੂਤ ਬਣਾਉਣਗੇ। ਇਸ ਸੁਧਾਰ ਨਾਲ ਪੰਜਾਬ ਵਿਚ ਸ਼ਾਂਤੀ ਅਤੇ ਸੁਰੱਖਿਆ ਦਾ ਮਾਹੌਲ ਬਣੇਗਾ ਅਤੇ ਨਿਵੇਸ਼ ਵੀ ਵਧੇਗਾ ਕਿਉਂਕਿ ਸੁਰੱਖਿਅਤ ਵਾਤਾਵਰਣ ਵਿਚ ਹੀ ਵਪਾਰ ਵਧਦਾ ਹੈ।

# ਭਾਜਪਾ ਅਤੇ ਅਕਾਲੀ ਦਲ ਦੀ ਸਰਕਾਰ ਨੇ ਹੀ ਪੰਜਾਬ ਦੇ ਹਰ ਘਰ ਵਿੱਚ ਨਸ਼ਿਆਂ ਨੂੰ ਪਹੁੰਚਾਇਆ ਸੀ



*ਕੇਜਰੀਵਾਲ ਦਾ ਇਹ ਬਿਆਨ ਪੰਜਾਬੀਆਂ ਦੀਆਂ ਭਾਵਨਾਵਾਂ ਨੂੰ ਛੂਹਦਾ ਹੈ ਕਿਉਂਕਿ ਨਸ਼ਿਆਂ ਨੇ ਬਹੁਤ ਸਾਰੇ ਪਰਿਵਾਰਾਂ ਨੂੰ ਤੋੜਿਆ ਹੈ। ਉਨ੍ਹਾਂ ਨੇ ਭਾਜਪਾ ਉੱਤੇ ਉਲਟਾ ਇਲਜ਼ਾਮ ਲਾਉਂਦਿਆਂ ਗੁਜਰਾਤ ਦਾ ਮੁੱਦਾ ਉਠਾਇਆ ਤਾਂ ਜੋ ਭਾਜਪਾ ਨੂੰ ਆਪਣੀਆਂ ਗਲਤੀਆਂ ਯਾਦ ਕਰਵਾਈ*

ਆਮ ਆਦਮੀ ਪਾਰਟੀ (ਆਪ) ਦੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਉੱਤੇ ਤਿੱਖਾ ਹਮਲਾ ਬੋਲਦਿਆਂ ਕਿਹਾ ਹੈ ਕਿ ਭਾਜਪਾ ਅਤੇ ਅਕਾਲੀ ਦਲ ਦੀ ਸਰਕਾਰ ਨੇ ਹੀ ਪੰਜਾਬ ਦੇ ਹਰ ਘਰ ਵਿੱਚ ਨਸ਼ਿਆਂ ਨੂੰ ਪਹੁੰਚਾਇਆ ਸੀ। ਉਨ੍ਹਾਂ ਅਮਿਤ ਸ਼ਾਹ ਨੂੰ ਚੁਣੌਤੀ ਦਿੰਦਿਆਂ ਆਖਿਆ ਕਿ ਉਨ੍ਹਾਂ ਨੂੰ ਪੰਜਾਬ ਦੇ ਲੋਕਾਂ ਤੋਂ ਇਸ ਲਈ ਮੁਆਫ਼ੀ ਮੰਗਣੀ ਚਾਹੀਦੀ ਹੈ। ਕੇਜਰੀਵਾਲ ਨੇ ਇਹ ਬਿਆਨ ਅਮਿਤ ਸ਼ਾਹ ਵੱਲੋਂ ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਸਬੰਧੀ ਦਿੱਤੇ ਗਏ ਬਿਆਨ ਦੀ ਵੀਡੀਓ ਕਲਿੱਪ ਸਾਂਝੀ ਕਰਦਿਆਂ ਦਿੱਤਾ।

ਕੇਜਰੀਵਾਲ ਨੇ ਕਿਹਾ ਕਿ ਪੰਜਾਬ ਦੇ ਲੋਕ ਉਸ ਸਮੇਂ ਨੂੰ ਨਹੀਂ ਭੁੱਲੇ ਜਦੋਂ ਨਸ਼ਾ ਤਸਕਰ ਮੰਤਰੀਆਂ ਦੇ ਘਰਾਂ ਵਿੱਚ ਖੁੱਲ੍ਹ ਕੇ ਪਨਾਹ ਲੈਂਦੇ ਸਨ। ਉਸ ਵੇਲੇ ਤਸਕਰਾਂ ਨੂੰ ਪੁਲਿਸ ਦੀ ਸੁਰੱਖਿਆ ਹੇਠ ਪੂਰੇ ਰਾਜ ਵਿੱਚ ਨਸ਼ਿਆਂ ਦੀ ਖੁੱਲ੍ਹੀ ਤਸਕਰੀ ਕਰਨ ਦੀ ਇਜਾਜ਼ਤ ਸੀ। ਉਨ੍ਹਾਂ ਆਖਿਆ, "ਅਮਿਤ ਸ਼ਾਹ ਜੀ, ਤੁਹਾਡੀ ਭਾਜਪਾ ਅਤੇ ਅਕਾਲੀ ਦਲ ਦੀ ਸਰਕਾਰ ਨੇ ਹੀ ਪੰਜਾਬ ਦੇ ਹਰ ਘਰ ਵਿੱਚ ਨਸ਼ੇ ਪਹੁੰਚਾਏ ਸਨ। ਅੱਜ ਤੁਸੀਂ ਕਿਸ ਮੂੰਹ ਨਾਲ ਨਸ਼ਾ ਮੁਕਤ ਪੰਜਾਬ ਦੀ ਗੱਲ ਕਰ ਰਹੇ ਹੋ?" ਉਨ੍ਹਾਂ ਇਹ ਵੀ ਯਾਦ ਕਰਵਾਇਆ ਕਿ ਭਗਵੰਤ ਮਾਨ ਦੀ ਆਪ ਸਰਕਾਰ ਭਾਜਪਾ-ਅਕਾਲੀ ਰਾਜ ਵੇਲੇ ਦੇ ਨਸ਼ਿਆਂ ਦੇ ਦੋਸ਼ੀ ਮੰਤਰੀਆਂ ਨੂੰ ਜੇਲ੍ਹ ਭੇਜ ਰਹੀ ਹੈ ਅਤੇ ਉਨ੍ਹਾਂ ਨੂੰ ਉਨ੍ਹਾਂ ਦੇ ਅਪਰਾਧਾਂ ਲਈ ਸਜ਼ਾ ਦੇ ਰਹੀ ਹੈ। ਕੇਜਰੀਵਾਲ ਨੇ ਕਿਹਾ ਕਿ ਆਪ ਸਰਕਾਰ ਲੋਕਾਂ ਦੇ ਨਾਲ ਮਿਲ ਕੇ ਨਸ਼ਿਆਂ ਵਿਰੋਧੀ ਫੈਸਲਾਕੁੰਨ ਲੜਾਈ ਲੜ ਰਹੀ ਹੈ। ਪੰਜਾਬ ਦੇ ਲੋਕ ਭਾਜਪਾ-ਅਕਾਲੀ ਸਰਕਾਰਾਂ ਦੇ ਉਸ ਕਾਲੇ ਦੌਰ ਨੂੰ ਨਾ ਤਾਂ ਭੁੱਲੇ ਹਨ, ਨਾ ਭੁੱਲਣਗੇ ਅਤੇ ਨਾ ਹੀ ਉਸ ਨੂੰ ਮੁਆਫ਼ ਕਰਨਗੇ।

ਕੇਜਰੀਵਾਲ ਨੇ ਗੁਜਰਾਤ ਵੱਲ ਇਸ਼ਾਰਾ ਕਰਦਿਆਂ ਕਿਹਾ ਕਿ ਮੁੰਦਰਾ ਬੰਦਰਗਾਹ ਤੋਂ 20 ਹਜ਼ਾਰ ਕਰੋੜ ਰੁਪਏ ਦਾ ਵੱਡਾ ਨਸ਼ਾ ਫੜਿਆ ਗਿਆ ਸੀ, ਪਰ ਡਬਲ ਇੰਜਣ ਵਾਲੀ ਭਾਜਪਾ ਸਰਕਾਰ ਨੇ ਉਸ ਬੰਦਰਗਾਹ ਦੇ ਮਾਲਕ ਨੂੰ ਜੇਲ੍ਹ ਕਿਉਂ ਨਹੀਂ ਭੇਜਿਆ? ਉਨ੍ਹਾਂ ਇੱਕ ਸੀਏਜੀ ਰਿਪੋਰਟ ਦਾ ਵੀ ਜ਼ਿਕਰ ਕੀਤਾ ਜਿਸ ਵਿੱਚ ਦੱਸਿਆ ਗਿਆ ਸੀ ਕਿ ਪੁਲਿਸ ਕਸਟਡੀ ਵਿੱਚ ਰੱਖੇ ਨਸ਼ੇ ਚੂਹਿਆਂ ਨੇ ਖਾ ਲਏ ਸਨ, ਜਿਸ ਤੋਂ ਇਹ ਸਾਫ਼ ਹੈ ਕਿ ਨਸ਼ਿਆਂ ਦੀ ਚੋਰੀ ਅਤੇ ਬਲੈਕ ਮਾਰਕੀਟਿੰਗ ਹੋ ਰਹੀ ਸੀ।

ਉਨ੍ਹਾਂ ਆਖਿਆ ਕਿ ਭਾਜਪਾ ਸਰਕਾਰ ਨਸ਼ਾ ਤਸਕਰਾਂ ਦੀ ਉਡੀਕ ਕਰ ਰਹੀ ਹੈ, ਨਾ ਕਿ ਲੋਕਾਂ ਦੀ। ਮਾਨ ਸਰਕਾਰ ਦੇ ਡਰ ਤੋਂ ਬਹੁਤ ਸਾਰੇ ਨਸ਼ਾ ਤਸਕਰ ਪੰਜਾਬ ਛੱਡ ਕੇ ਭੱਜ ਗਏ ਹਨ। ਕੇਜਰੀਵਾਲ ਨੇ ਅਮਿਤ ਸ਼ਾਹ ਨੂੰ ਸਲਾਹ ਦਿੰਦਿਆਂ ਕਿਹਾ ਕਿ ਉਹ ਪਹਿਲਾਂ ਗੁਜਰਾਤ ਵਿੱਚ ਨਸ਼ਿਆਂ ਵਿਰੋਧੀ ਲੜਾਈ ਉੱਤੇ ਧਿਆਨ ਦੇਣ ਅਤੇ ਉੱਥੇ ਹੋਈਆਂ ਘਟਨਾਵਾਂ ਬਾਰੇ ਜਵਾਬ ਦੇਣ, ਫਿਰ ਪੰਜਾਬ ਬਾਰੇ ਬੋਲਣ।

ਇਸ ਬਿਆਨ ਨਾਲ ਰਾਜਨੀਤਿਕ ਚਰਚਾ ਤੇਜ਼ ਹੋ ਗਈ ਹੈ। ਪੰਜਾਬ ਵਿੱਚ ਨਸ਼ਿਆਂ ਦੀ ਸਮੱਸਿਆ ਲੰਬੇ ਸਮੇਂ ਤੋਂ ਚਰਚਾ ਦਾ ਵਿਸ਼ਾ ਰਹੀ ਹੈ। ਆਪ ਸਰਕਾਰ ਆਪਣੀਆਂ ਕੋਸ਼ਿਸ਼ਾਂ ਨੂੰ ਉਜਾਗਰ ਕਰ ਰਹੀ ਹੈ ਜਦਕਿ ਵਿਰੋਧੀ ਧਿਰਾਂ ਇਸ ਨੂੰ ਰਾਜਨੀਤੀ ਬਣਾ ਰਹੀਆਂ ਹਨ। ਕੇਜਰੀਵਾਲ ਨੇ ਇਸ ਬਿਆਨ ਰਾਹੀਂ ਭਾਜਪਾ ਅਤੇ ਅਕਾਲੀ ਦਲ ਉੱਤੇ ਨਸ਼ਿਆਂ ਦੀ ਤਸਕਰੀ ਵਿੱਚ ਸ਼ਾਮਲ ਹੋਣ ਦਾ ਇਲਜ਼ਾਮ ਲਾਇਆ ਅਤੇ ਆਪਣੀ ਸਰਕਾਰ ਦੀਆਂ ਕਾਰਵਾਈਆਂ ਨੂੰ ਸਫਲ ਦੱਸਿਆ।

